# ਆਖਰੀ ਸਫ਼ਰ

ਮੌਲਾਨਾ ਵਹੀਦੁਦੀਨ ਖ਼ਾਨ

# ਆਖਰੀ ਸਫ਼ਰ

ਅਨੁਵਾਦਕ
ਡਾ. ਦਵਿੰਦਰ ਸਿੰਘ
ਡਾ. ਸਤੁਤੀ ਮਲਹੋਤਰਾ

ਗੁਡਵਰਡ ਬੁਕਸ

ਪਹਿਲੀ ਵਾਰੀ ਪ੍ਰਕਾਸ਼ਿਤ: 2026
This book is copyright free
This book is the Punjabi translation of Maulana Wahiduddin Khan's Hindi book entitled *Akhari Safar.*

ਇਹ ਕਿਤਾਬ ਕਾਪੀਰਾਈਟ ਅਤੇ ਰਾਇਲਟੀ ਮੁਕਤ ਹੈ। ਇਸਦਾ ਅਨੁਵਾਦ, ਮੁੜ-ਪ੍ਰਕ-ਾਸ਼ਨ, ਸਟੋਰੇਜ ਜਾਂ ਕਿਸੇ ਵੀ ਡਿਜੀਟਲ ਮਾਧਿਅਮ ਉੱਤੇ ਉਪਯੋਗ ਬਿਨਾਂ ਲੇਖਕ ਜਾਂ ਪ੍ਰਕ-ਾਸ਼ਕ ਦੀ ਪੂਰਵ ਅਨੁਮਤੀ ਤੋਂ ਕੀਤਾ ਜਾ ਸਕਦਾ ਹੈ। ਇਸਦੀ ਵਪਾਰਕ ਜਾਂ ਗੈਰ-ਮੁਨ-ਾਫਾਖੋਰ ਉਦੇਸ਼ਾਂ ਲਈ ਵਰਤੋਂ ਕੀਤੀ ਜਾ ਸਕਦੀ ਹੈ। ਪਰ, ਕਿਰਪਾ ਕਰਕੇ ਆਪਣੀ ਪ੍ਰਕਾਸ਼ਿਤ ਰਚਨਾ ਬਾਰੇ ਸਾਨੂੰ ਸੂਚਿਤ ਕਰਨਾ ਅਤੇ ਛਪੇ ਹੋਏ ਪਾਠ ਦਾ ਇੱਕ ਨਮੂਨਾ ਕਾਪੀ ਜਾਂ ਡਿਜੀਟਲ ਰਚਨਾ ਦਾ ਲਿੰਕ ਸਾਨੂੰ ਭੇਜਣਾ ਲਾਜ਼ਮੀ ਹੈ।

Goodword Books
A-21, Sector 4, Noida-201301, Delhi NCR, India
Mob. +91 8588822672
info@goodwordbooks.com
www.goodwordbooks.com

CPS International
Centre for Peace and Spirituality International
1, Nizamuddin West Market, New Delhi-110 013, India
Mob. +91-9999944119
info@cpsglobal.org
www.cpsglobal.org

Center for Peace and Spirituality USA
391 Totten Pond Road
Suite 402, Waltham MA 02451, USA
Mob. +1 617 960 7156
info@cpsusa.net

# ਤਤਕਰਾ


25ਵਾਂ ਘੰਟਾ ........................ 5
ਮੌਤ ਦੇ ਦਰਵਾਜ਼ੇ 'ਤੇ ........................ 6
ਅਸੀਂ ਖ਼ੁਦਾ ਦੇ ਦੇਸ਼ ਵਿੱਚ ਹਾਂ ........................ 8
ਮੌਤ ਦੀ ਮੰਜ਼ਿਲ ........................ 9
ਕਿੰਨਾ ਅਜੀਬ ........................ 11
ਸੱਠ ਕਿਲੋਮੀਟਰ ........................ 12
ਜ਼ਿੰਦਗੀ ਦਾ ਸਫ਼ਰ ........................ 13
ਮੌਤ ਤੋਂ ਅੱਗੇ ........................ 15
ਰੁਪਏ ਤੋਂ ਰਾਖ ਤੱਕ ........................ 16
ਜਦੋਂ ਯਾਤਰਾ ਸਮਾਪਤ ਹੁੰਦੀ ਹੈ ........................ 18
ਕਬਰ ਨਹੀਂ ਦਰਵਾਜ਼ਾ ........................ 19
ਟੋਏ ਵਿਚ ਪੈਰ ........................ 21
ਇਨਸਾਨ ਦੀ ਤ੍ਰਾਸਦੀ ........................ 23
ਛੱਡਣ ਲਈ ........................ 24
ਮੌਤ ਦਾ ਸਬਕ ........................ 26
ਮੌਤ ਦਾ ਹਮਲਾ ........................ 27
ਆਉਣ ਵਾਲਾ ਤੂਫ਼ਾਨ ........................ 28
ਦੁਨੀਆ ਦੀ ਹਕੀਕਤ ........................ 30
ਕੱਲ੍ਹ ਨੂੰ ਜਾਣੋ ........................ 31
ਬੇਖ਼ਬਰ ਇਨਸਾਨ ........................ 33
ਆਖ਼ਰੀ ਮੰਜ਼ਿਲ ........................ 34
ਮੌਤ ਦੇ ਦੂਜੇ ਪਾਸੇ ........................ 37
ਪੰਜ ਸਕਿੰਟਾਂ ਦੀ ਦੂਰੀ ........................ 38

ਤਤਕਰਾ

ਕਿੰਨੀ ਅਜੀਬ ਮਹਰੂਮੀ ........................................40
ਅੰਤ ਤੱਕ ਜਾਣਾ ਹੈ........................................41
ਜ਼ਿੰਦਗੀ ਦਾ ਮੰਚ........................................43
ਸੁਣਨ ਵਾਲਾ ਸੁਣ ਰਿਹਾ ਹੈ ........................................44
'ਫ਼ੈਸਲੇ' ਦਾ ਦਿਨ........................................46
ਹਾਏ! ਇਹ ਇਨਸਾਨ ........................................47
ਸ਼ਿਕਾਰ ਕਰਨ ਵਾਲੇ........................................48
ਇਹ ਸੋਣ ਵਾਲੇ........................................49
ਉਸ ਦਿਨ ਕੀ ਹੋਵੇਗਾ........................................51
ਕੱਲ੍ਹ ਨੂੰ ਯਾਦ ਰੱਖੋ........................................52
ਦੋਜ਼ਖ ਦਾ ਖ਼ਤਰਾ........................................54
ਜਦੋਂ ਮੌਤ ਹਰ ਚੀਜ਼ ਨੂੰ ਝੁਠਾ ਪਾ ਦਵੇਗੀ........................................56
ਇਹ ਦੋਜ਼ਖੀ ਕਾਫ਼ਲੇ........................................58
ਖ਼ੁਦਾ ਤੋਂ ਡਰੋ........................................59
ਜਦੋਂ ਹਕੀਕਤ ਖੁੱਲ੍ਹੇਗੀ........................................61
ਨਾਜ਼ੁਕ ਸਵਾਲ ........................................62
ਅੱਜ ਬੀਜੋ, ਕੱਲ੍ਹ ਕੱਟੋ ........................................64
ਮੌਤ ਦੇ ਕੰਢੇ........................................65
ਆਉਣ ਵਾਲਾ ਦਿਨ ........................................67
ਸਭ ਤੋਂ ਵੱਡੀ ਖ਼ਬਰ ........................................68

# 25ਵਾਂ ਘੰਟਾ

ਇੱਕ ਫਰਾਂਸੀਸੀ ਲੇਖਕ ਨੇ “25ਵਾਂ ਘੰਟਾ” ਨਾਮ ਦੀ ਕਿਤਾਬ ਪ੍ਰਕਾਸ਼ਿਤ ਕੀਤੀ ਹੈ। ਇਸ ਕਿਤਾਬ ਵਿੱਚ ਉਸ ਨੇ ਦੁਨੀਆ ਦੀ ਮੌਜੂਦਾ ਹਾਲਤ ਦਾ ਜਾਇਜ਼ਾ ਲਿਆ ਹੈ। ਉਸ ਦਾ ਕਹਿਣਾ ਹੈ ਕਿ ਦੁਨੀਆ ਦੋ ਧੜਿਆਂ ਵਿੱਚ ਵੰਡ ਚੁੱਕੀ ਹੈ। ਦੋਵੇਂ ਇਕ ਦੂਜੇ ਨੂੰ ਮਿਟਾਉਣ ਦੀ ਐਸੀ ਕੋਸ਼ਿਸ਼ ਵਿੱਚ ਲੱਗੇ ਹਨ ਜਿਸ ਦਾ ਆਖਰੀ ਨਤੀਜ਼ਾ ਸਿਰਫ਼ ਇਨਸਾਨੀਅਤ ਦਾ ਸਮੂਹਕ ਸੰਹਾਰ (ਨਾਸ਼) ਹੋ ਸਕਦਾ ਹੈ। ਹਥਿਆਰਾਂ ਦੀ ਅੰਨ੍ਹੇਵਾਹ ਦੌੜ ਨੇ ਧਰਤੀ ਨੂੰ ਖਤਰਨਾਕ ਹਥਿਆਰਾਂ ਦੇ ਗੋਦਾਮ ਵਿੱਚ ਬਦਲ ਦਿੱਤਾ ਹੈ। ਲਗਾਤਾਰ ਜੰਗੀ ਤਿਆਰੀਆਂ ਨੇ ਮਨੁੱਖੀ ਸਭਿਆਚਾਰ ਨੂੰ ਆਪਣੀ ਬਰਬਾਦੀ ਦੇ ਆਖਰੀ ਕਿਨਾਰੇ ਤੱਕ ਪਹੁੰਚਾ ਦਿੱਤਾ ਹੈ।

ਲੇਖਕ ਦਾ ਕਹਿਣਾ ਹੈ ਕਿ ਸਾਡਾ 24ਵਾਂ ਘੰਟਾ ਸਮਾਪਤ ਹੋ ਚੁੱਕਾ ਹੈ। ਹੁਣ 25ਵਾਂ ਘੰਟਾ (ਅੰਤ ਦਾ ਘੰਟਾ) ਸ਼ੁਰੂ ਹੋਣ ਵਾਲਾ ਹੈ।

ਲੇਖਕ ਨੇ ਜੋ ਗੱਲ ‘ਮਾਨਵੀ ਜੰਗ’ ਬਾਰੇ ਕਹੀ ਹੈ, ਉਹ ‘ਖੁਦਾਈ ਕਿਆਮਤ’ ਬਾਰੇ ਜ਼ਿਆਦਾ ਸਹੀ ਲੱਗਦੀ ਹੈ। ਪਰਮਾਤਮਾ ਨੇ ਮੌਜੂਦਾ ਦੁਨੀਆ ਨੂੰ ਇਕ ਸੀਮਿਤ ਅਵਧੀ ਲਈ ਇਮਤਿਹਾਨ ਦੇ ਵਾਸਤੇ ਪੈਦਾ ਕੀਤਾ ਹੈ। ਇਹ ਅਵਧੀ ਸਿਰਫ਼ ਉਸ ਨੂੰ ਹੀ ਪਤਾ ਹੈ; ਅਸੀਂ ਇਸ ਨੂੰ ਯਕੀਨੀ ਤੌਰ ’ਤੇ ਨਹੀਂ ਜਾਣਦੇ। ਕੋਈ ਵੀ ਪਲ ਅਜਿਹਾ ਹੋ ਸਕਦਾ ਹੈ ਜਦੋਂ ਪਰਮਾਤਮਾ ਇਸ ਅਵਧੀ ਦੇ ਖਾਤਮੇ ਦੀ ਘੋਸ਼ਣਾ ਕਰ ਦੇਵੇ। ਇਸ ਤੋਂ ਬਾਅਦ ਇਹ ਦੁਨੀਆ ਅਤੇ ਇਸ ਦਾ ਪੂਰਾ ਸਭਿਆਚਾਰ ਇੱਕ ਮਹਾ-ਭੂਚਾਲ ਰਾਹੀਂ ਸਮਾਪਤ ਹੋ ਜਾਣਾ ਹੈ, ਜਿਸ ਤੋਂ ਬਾਅਦ ਇਕ ਨਵੀਂ, ਸਥਾਈ ਅਤੇ ਸੰਪੂਰਨ ਦੁਨੀਆ ਵਜੋਂ ਦੁਬਾਰਾ ਰਚਨਾ ਹੋਵੇਗੀ।

ਇਸ ਨਜ਼ਰੀਏ ਨਾਲ ਵੇਖੋ ਤਾਂ ਇਸ ਧਰਤੀ ਉੱਤੇ ਸਾਡਾ ਹਰ ਪਲ ਮਾਨੋ ਆਖਰੀ ਪਲ ਹੈ। ਜੇ ਅਸੀਂ ਸਵੇਰੇ ਹਾਂ ਤਾਂ ਡਰ ਹੈ ਕਿ ਸ਼ਾਮ ਤੱਕ ਨਾਹ ਪਹੁੰਚ ਸਕੀਏ। ਜੇ ਅਸੀਂ ਸ਼ਾਮ ਵਿੱਚ ਜੀਓ ਰਹੇ ਹਾਂ ਤਾਂ ਸੰਭਵ ਹੈ ਕਿ ਸਵੇਰ ਮੁੜ ਵੇਖਣਾ ਨਸੀਬ ਨਾ ਹੋਵੇ।

ਮੌਜੂਦਾ ਦੁਨੀਆ ਵਿੱਚ ਸਾਡਾ ਹਰ ਲਮ੍ਹਾ ਆਖਰੀ ਲਮ੍ਹਾ ਹੈ। ਹਰ ਲਮ੍ਹਾ ਇਹ ਸੰਭਾਵਨਾ ਹੈ ਕਿ ਇਨਸਾਨੀਅਤ ਆਪਣੀ ਮੁਹਲਤ ਦੀ ਉਮਰ ਪੂਰੀ ਕਰ ਚੁਕੀ ਹੈ। ਇਨਸਾਨ ਆਪਣਾ 24ਵਾਂ ਘੰਟਾ ਖਤਮ ਕਰਕੇ 25ਵੇਂ ਫ਼ੈਸਲਾਕੁੰਨ ਅਤੇ ਨਿਰਣਾਇਕ ਘੰਟੇ ਵਿੱਚ ਦਾਖ਼ਲ ਹੋ ਸਕਦਾ ਹੈ।

ਲੋਕ ਪਰਮਾਣੂੰ ਜੰਗ ਦੇ ਖਤਰੇ ਤੋਂ ਡਰ ਰਹੇ ਹਨ, ਹਾਲਾਂਕਿ ਉਨ੍ਹਾਂ ਨੂੰ ਪਰਮਾਤਮਾ ਵੱਲੋਂ ਕਿਆਮਤ ਦਾ ਬਿਗੁਲ ਵੱਜਣ ਤੋਂ ਡਰਨਾ ਚਾਹੀਦਾ ਹੈ ਕਿਉਂਕਿ ਪਰਮਾਣੂੰ ਜੰਗ ਹੋਣਾ ਲਾਜ਼ਮੀ ਨਹੀਂ, ਪਰ ਕਿਆਮਤ ਦਾ ਆਉਣਾ ਲਾਜ਼ਮੀ ਹੈ ਅਤੇ ਉਸ ਦਾ ਅੰਜਾਮ ਸਦੀਵੀ ਹੈ।

# ਮੌਤ ਦੇ ਦਰਵਾਜ਼ੇ ’ਤੇ

ਮੌਤ ਮਨੁੱਖ ਲਈ ਸਭ ਤੋਂ ਯਥਾਰਥਕ ਮੰਜ਼ਿਲ ਹੈ, ਜਿਸ ਵਿੱਚੋਂ ਹਰ ਕਿਸੇ ਨੇ ਲਾਜ਼ਮੀ ਤੌਰ ’ਤੇ ਗੁਜ਼ਰਨਾ ਹੈ। ਇਹ ਤਾਂ ਸੰਭਵ ਹੈ ਕਿ ਕਿਸੇ ਨੂੰ ਜੀਵਨ ਨਾ ਮਿਲੇ, ਪਰ ਜਿਸ ਨੂੰ ਜੀਵਨ ਮਿਲਿਆ ਹੈ, ਉਸ ਲਈ ਮੌਤ ਦਾ ਆਉਣਾ ਲਾਜ਼ਮੀ ਹੈ। ਹਰ ਜੀਊਂਦਾ ਇਨਸਾਨ ਇਕ ਦਿਨ ਖਤਮ ਹੋਵੇਗਾ। ਹਰ ਉਹ ਵਿਅਕਤੀ ਜੋ ਦੇਖਦਾ ਅਤੇ ਬੋਲਦਾ ਹੈ, ਇਕ ਦਿਨ ਉਸ ਦੀ ਅੱਖ ’ਚੋਂ ਰੌਸ਼ਨੀ ਮੁੱਕ ਜਾਵੇਗੀ ਅਤੇ ਉਸ ਦੀ ਜ਼ਬਾਨ ਖ਼ਾਮੋਸ਼ ਹੋ ਜਾਵੇਗੀ। ਹਰ ਵਿਅਕਤੀ ’ਤੇ ਉਹ ਸਮਾਂ ਆਉਣਾ ਹੈ, ਜਦੋਂ ਉਸਨੂੰ ਮੌਤ ਦੇ ਦਰਵਾਜ਼ੇ ’ਤੇ ਖੜ੍ਹਾ ਕਰ ਦਿੱਤਾ ਜਾਵੇਗਾ। ਉਸ ਸਮੇਂ ਉਸ ਦੇ ਪਿੱਛੇ ਇਹ ਦੁਨੀਆ ਹੋਵੇਗੀ ਅਤੇ ਉਸ ਦੇ ਸਾਹਮਣੇ ਆਖ਼ਿਰਤ (ਅਗੰਮੀ ਦੁਨੀਆ)। ਉਹ ਇੱਕ ਐਸੀ ਦੁਨੀਆ ਨੂੰ ਛੱਡ ਰਿਹਾ ਹੋਵੇਗਾ ਜਿਸ ਵਿੱਚ ਉਹ ਮੁੜ ਨਹੀਂ ਆਵੇਗਾ ਅਤੇ ਇੱਕ ਐਸੀ ਦੁਨੀਆ ਵਿੱਚ ਦਾਖ਼ਲ ਹੋਵੇਗਾ, ਜਿਸ ਵਿੱਚੋਂ ਕਦੇ ਬਾਹਰ ਨਹੀਂ ਆ ਸਕੇਗਾ। ਉਹ ਆਪਣੇ ਕਰਮ-ਖੇਤਰ ਤੋਂ ਨਿਕਲ ਕੇ ਉਸ ਜਗ੍ਹਾ ਪੇਸ਼ ਹੋਵੇਗਾ ਜਿੱਥੇ ਉਹ ਆਪਣੇ ਕਰਮਾਂ ਦਾ ਸਥਾਈ ਅੰਜਾਮ ਭੁਗਤੇਗਾ।

ਜ਼ਿੰਦਗੀ ਇਕ ਬੇਇਤਬਾਰੀ ਚੀਜ਼ ਹੈ, ਜਦਕਿ ਮੌਤ ਬਿਲਕੁਲ ਯਕੀਨੀ ਹੈ। ਅਸੀਂ ਸਿਰਫ ਇਸ ਲਈ ਜ਼ਿੰਦਾ ਹਾਂ ਕਿਉਂਕਿ ਅਜੇ ਅਸੀਂ ਮਰੇ ਨਹੀਂ ਅਤੇ ਮੌਤ ਉਹ ਚੀਜ਼ ਹੈ ਜਿਸ ਦਾ ਕੋਈ ਨਿਰਧਾਰਿਤ ਸਮਾਂ ਨਹੀਂ। ਅਸੀਂ

ਹਰ ਪਲ ਮੌਤ ਵੱਲ ਵੱਧ ਰਹੇ ਹਾਂ। ਅਸੀਂ ਜ਼ਿੰਦਗੀ ਨਾਲੋਂ ਮੌਤ ਦੇ ਕਿਤੇ ਵੱਧ ਨੇੜੇ ਹਾਂ। ਲੋਕ ਸੋਚਦੇ ਹਨ ਕਿ ਉਹ ਜ਼ਿੰਦਾ ਹਨ, ਪਰ ਦਰਅਸਲ ਜ਼ਿਆਦਾ ਸਹੀ ਗੱਲ ਇਹ ਹੈ ਕਿ ਉਹ ਮਰੇ ਹੋਏ ਹਨ। ਉਹ ਮੌਤ ਜਿਸ ਦਾ ਕੋਈ ਸਮਾਂ ਨਿਸ਼ਚਤ ਨਹੀਂ, ਜੋ ਅਗਲੇ ਹੀ ਪਲ ਆ ਸਕਦੀ ਹੈ। ਉਸਦੇ ਸੰਦਰਭ ਵਿਚ ਇਹ ਕਹਿਣਾ ਜ਼ਿਆਦਾ ਦਰੁਸਤ ਹੈ ਕਿ ਉਹ ਮੌਤ ਆ ਚੁੱਕੀ ਹੈ, ਨਾਂ ਕਿ ਇਹ ਕਿ ਉਹ ਆਉਣ ਵਾਲੀ ਹੈ। ਇਸ ਲਈ ਹਦੀਸ ਵਿੱਚ ਇਰਸ਼ਾਦ ਹੋਇਆ ਹੈ ਕਿ: “ਆਪਣੇ ਆਪ ਨੂੰ ਕਬਰ ਵਾਲਿਆਂ ਵਿੱਚ ਸ਼ੁਮਾਰ ਸਮਝੋ।”

ਮੌਤ ਹਰ ਚੀਜ਼ ਨੂੰ ਝੂਠ ਕਰ ਦਿੰਦੀ ਹੈ। ਇਹ ਸਾਡੀ ਜ਼ਿੰਦਗੀ ਦਾ ਸਭ ਤੋਂ ਭਿਆਨਕ ਵਾਕਿਆ ਹੈ। ਹਾਲਾਂਕਿ ਮੌਤ ਜੇ ਸਿਰਫ਼ ਜ਼ਿੰਦਗੀ ਦਾ ਅੰਤ ਹੁੰਦੀ, ਤਾਂ ਇਹ ਇੰਨੀ ਭਿਆਨਕ ਨਾ ਹੁੰਦੀ। ਜੇ ਮੌਤ ਦਾ ਅਰਥ ਸਿਰਫ਼ ਇਹ ਹੁੰਦਾ ਕਿ ਜੋ ਤੁਰਦਾ, ਦੇਖਦਾ ਅਤੇ ਸੁਣਦਾ ਸੀ, ਹੁਣ ਉਸ ਇਨਸਾਨ ਦਾ ਅਸਤਿਤਵ ਖ਼ਤਮ ਹੋ ਗਿਆ ਤਾਂ ਇਸ ਗੰਭੀਰ ਅਹਿਸਾਸ ਦੇ ਬਾਵਜੂਦ ਇਹ ਕੇਵਲ ਇੱਕ ਅਸਥਾਈ ਘਟਨਾ ਹੁੰਦੀ, ਨਾ ਕਿ ਕੋਈ ਸਦੀਵੀ ਮਸਲਾ। ਪਰ ਅਸਲੀ ਮੁਸ਼ਕਲ ਇਹ ਹੈ ਕਿ ਮੌਤ ਜ਼ਿੰਦਗੀ ਦਾ ਅੰਤ ਨਹੀਂ। ਇਹ ਇੱਕ ਨਵੀਂ ਅਤੇ ਚਿਰਸਥਾਈ ਜ਼ਿੰਦਗੀ ਦੀ ਸ਼ੁਰੂਆਤ ਹੈ। ਮੌਤ ਦਾ ਮਤਲਬ ਸਥਾਈ ਨਤੀਜਿਆਂ ਦੀ ਦੁਨੀਆ ਵਿੱਚ ਦਾਖ਼ਲਾ ਹੋਣਾ ਹੈ।

ਹਰ ਵਿਅਕਤੀ ਜ਼ਿੰਦਗੀ ਤੋਂ ਮੌਤ ਵੱਲ ਸਫ਼ਰ ਕਰ ਰਿਹਾ ਹੈ। ਕਿਸੇ ਦਾ ਸਫ਼ਰ ਦੁਨੀਆ ਲਈ ਹੈ ਅਤੇ ਕਿਸੇ ਦਾ ਆਖ਼ਿਰਤ (ਅਗੰਮੀ ਦੁਨੀਆ) ਲਈ। ਕੋਈ ਦਿਸਦੀਆਂ ਚੀਜ਼ਾਂ ਵਿੱਚ ਜੀਓ ਰਿਹਾ ਹੈ, ਕੋਈ ਅਣਦਿਸਦੀਆਂ ਵਿੱਚ। ਕੋਈ ਆਪਣੀਆਂ ਖ਼ਾਹਿਸ਼ਾਂ ਅਤੇ ਅਹੰਕਾਰ ਦੀ ਪੂਰਤੀ ਲਈ ਭੱਜਦੌੜ ਕਰ ਰਿਹਾ ਹੈ ਅਤੇ ਕੋਈ ਪਰਮਾਤਮਾ ਦੇ ਡਰ ਅਤੇ ਉਸ ਦੀ ਮੁਹੱਬਤ ਪ੍ਰਾਪਤ ਕਰਨ ਲਈ ਬੇਚੈਨ ਹੈ। ਦੋਵੇਂ ਤਰ੍ਹਾਂ ਦੇ ਲੋਕ ਰੋਜ਼ ਸ਼ਾਮ ਤਕ ਪੁੱਜਦੇ ਹਨ ਤਾਂ ਜੋ ਆਪਣੀ ਥਕਾਣ ਦੂਰ ਕਰ ਸਕਣ ਅਤੇ ਅਗਲੇ ਦਿਨ ਮੁੜ ਸਵੇਰੇ ਉੱਠਦੇ ਹਨ ਤਾਂ ਜੋ ਆਪਣੀ ਪਸੰਦ ਦੀ ਜ਼ਿੰਦਗੀ ਵਿੱਚ ਫਿਰ ਗਤੀਸ਼ੀਲ ਹੋ ਸਕਣ। ਮੌਜੂਦਾ ਦੁਨੀਆ ਵਿੱਚ ਦੋਵੇਂ ਇੱਕੋ ਜਿਹੇ ਦਿਸਦੇ ਹਨ, ਪਰ ਮੌਤ ਤੋਂ ਬਾਅਦ ਦੀ ਮੰਜ਼ਿਲ ਦੇ ਮੁਤਾਬਿਕ ਦੋਵਾਂ ਦੀ ਅਸਲ ਹਾਲਤ ਇੱਕੋ ਵਰਗੀ ਨਹੀਂ ਹੁੰਦੀ। ਜੋ ਵਿਅਕਤੀ ਪਰਮਾਤਮਾ ਅਤੇ ਅਗੰਮੀ ਦੁਨੀਆ ਲਈ ਜੀਓ ਰਿਹਾ ਹੈ, ਉਹ ਆਪਣੇ ਆਪ ਨੂੰ ਸੁਰੱਖਿਅਤ ਕਰ ਰਿਹਾ ਹੈ। ਪਰ ਜੋ ਸ਼ਖ਼ਸ ਦੁਨੀਆ ਦੀ

ਦਿਲਚਸਪੀਆਂ ਅਤੇ ਆਪਣੀਆਂ ਵਾਸਨਾਵਾਂ ਦੇ ਵੱਸ ਵਿੱਚ ਜੀਓ ਰਿਹਾ ਹੈ, ਅਸਲ ਵਿੱਚ ਉਹ ਖੁਦ ਆਪਣੇ ਆਪ ਨੂੰ ਤਬਾਹ ਕਰ ਰਿਹਾ ਹੈ।

# ਅਸੀਂ ਖ਼ੁਦਾ ਦੇ ਦੇਸ਼ ਵਿੱਚ ਹਾਂ

ਇੱਕ ਅਮਰੀਕੀ ਔਰਤ ਨੇ ਆਪਣੀ ਸੈਰ-ਸਪਾਟੇ (ਠੋਰਨਿਗ) ਦੀ ਖ਼ਾਹਿਸ਼ ਪੂਰੀ ਕਰਨ ਲਈ ਰੂਸ ਦਾ ਰੁੱਖ ਕੀਤਾ। ਉੱਥੇ ਉਸ ਨੇ ਦੇਖਿਆ ਕਿ ਹਰ ਜਗ੍ਹਾ ਕਮਿਊਨਿਸਟ ਪਾਰਟੀ ਦੇ ਮੁਖੀ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਇਹ ਗੱਲ ਉਸ ਨੂੰ ਬਿਲਕੁਲ ਪਸੰਦ ਨਹੀਂ ਆਈ। ਇੱਕ ਮੌਕੇ ’ਤੇ ਉਹਨਾਂ ਨੇ ਰੂਸੀ ਲੋਕਾਂ ਨਾਲ ਇਸ ਵਿਸ਼ੇ ’ਤੇ ਕਾਫ਼ੀ ਗੰਭੀਰ ਆਲੋਚਨਾ ਕੀਤੀ। ਉਸ ਦੇ ਇੱਕ ਮਿੱਤਰ ਨੇ ਚੁੱਪਕੇ ਨਾਲ ਉਸ ਦੇ ਕੰਨ ਵਿੱਚ ਕਿਹਾ, “ਮੈਡਮ, ਤੁਸੀਂ ਇਸ ਵੇਲੇ ਰੂਸ ਵਿੱਚ ਹੋ, ਅਮਰੀਕਾ ਵਿੱਚ ਨਹੀਂ।”

ਇਨਸਾਨ ਆਪਣੇ ਦੇਸ਼ ਵਿੱਚ ਆਪਣੀ ਮਰਜ਼ੀ ਦੇ ਮੁਤਾਬਕ ਰਹਿ ਸਕਦਾ ਹੈ। ਪਰ ਜੇ ਉਹ ਕਿਸੇ ਹੋਰ ਦੇਸ਼ ਵਿੱਚ ਜਾਵੇ ਤਾਂ ਉਸ ਨੂੰ ਉਸ ਦੇਸ਼ ਦੇ ਕਾਨੂੰਨ ਅਤੇ ਨਿਯਮਾਂ ਦੀ ਪਾਬੰਦੀ ਕਰਨੀ ਪੈਂਦੀ ਹੈ। ਜੇ ਉਹ ਉੱਥੇ ਦੀ ਲਾਗੂ ਪ੍ਰਣਾਲੀ ਦਾ ਉਲੰਘਣ ਕਰੇ ਤਾਂ ਉਹ ਮੁਜਰਿਮ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਵੱਡੇ ਅਰਥਾਂ ਵਿੱਚ ਇਹ ਦੁਨੀਆ ਵੀ ਹੈ। ਇਨਸਾਨ ਇੱਕ ਐਸੀ ਦੁਨੀਆ ਵਿੱਚ ਪੈਦਾ ਹੁੰਦਾ ਹੈ ਜਿਸ ਨੂੰ ਉਸ ਨੇ ਆਪ ਨਹੀਂ ਬਣਾਇਆ। ਇਹ ਪੂਰੀ ਤਰ੍ਹਾਂ ਖ਼ੁਦਾ ਦੀ ਬਣਾਈ ਹੋਈ ਕਾਇਨਾਤ ਹੈ। ਇਸ ਦਾ ਮਤਲਬ ਇਨਸਾਨ ਆਪਣੀ ਧਰਤੀ ’ਤੇ ਨਹੀਂ, ਸਗੋਂ ਖ਼ੁਦਾ ਦੇ ਮੁਲਕ ਵਿੱਚ ਰਹਿ ਰਿਹਾ ਹੈ।

ਅਜਿਹੀ ਹਾਲਤ ਵਿੱਚ ਇਨਸਾਨ ਦੀ ਕਾਮਯਾਬੀ ਦਾ ਕੇਵਲ ਇੱਕ ਰਸਤਾ ਹੈ — ਉਹ ਖ਼ੁਦਾ ਦੀ ਯੋਜਨਾ ਨੂੰ ਜਾਣੇ ਅਤੇ ਉਸ ਦੇ ਮੁਤਾਬਕ ਇਸ ਦੁਨੀਆ ਵਿੱਚ ਜੀਵੇ। ਜੇ ਉਹ ਖ਼ੁਦਾ ਦੀ ਬਣਾਈ ਯੋਜਨਾ ਦੇ ਖ਼ਿਲਾਫ਼ ਰਹੇਗਾ ਤਾਂ ਉਹ ਬਾਗ਼ੀ ਮੰਨਿਆ ਜਾਵੇਗਾ ਅਤੇ ਇਸ ਕਾਬਿਲ ਹੋਵੇਗਾ ਕਿ ਖ਼ੁਦਾ ਉਸ ਨੂੰ ਸਖ਼ਤ ਸਜ਼ਾ ਦੇ ਕੇ ਹਮੇਸ਼ਾ ਲਈ ਆਪਣੀਆਂ ਸਾਰੀ ਨਿਆਮਤਾਂ ਤੋਂ ਮਹਰੂਮ ਕਰ ਦੇਵੇ।

ਦੁਨੀਆ ਵਿੱਚ ਖ਼ੁਦਾ ਦੀ ਮਰਜ਼ੀ ਦੇ ਮੁਤਾਬਕ ਜੀਊਣ ਦਾ ਤਰੀਕਾ ਕੀ ਹੈ? ਇਹ ਉਹ ਸਵਾਲ ਹੈ ਜਿਸ ਦਾ ਜਵਾਬ ਦੇਣ ਲਈ ਖ਼ੁਦਾ ਨੇ ਆਪਣੇ ਪੈਗੰਬਰ ਭੇਜੇ। ਪੈਗੰਬਰਾਂ ਨੇ ਇਨਸਾਨੀ ਭਾਸ਼ਾ ਵਿੱਚ ਖੁੱਲ੍ਹ ਕੇ ਦੱਸਿਆ ਕਿ ਖ਼ੁਦਾ ਇਨਸਾਨ ਤੋਂ ਕੀ ਚਾਹੁੰਦਾ ਹੈ ਅਤੇ ਉਸ ਦੀ ਕੀ ਯੋਜਨਾ ਹੈ ਜਿਸ ਦੀ ਪਾਲਣਾ ਇਨਸਾਨ ਨੂੰ ਕਰਨੀ ਚਾਹੀਦੀ ਹੈ।

ਕੁਰਆਨ ਉਹਨਾਂ ਪੈਗੰਬਰਾਨਾ ਹੁਕਮਾਂ ਦਾ ਅਸਲੀ ਅਤੇ ਭਰੋਸੇਮੰਦ ਸੰਗ੍ਰਹਿ ਹੈ। ਜੋ ਵਿਅਕਤੀ ਇਹ ਚਾਹੇ ਕਿ ਖ਼ੁਦਾ ਉਸ ਨੂੰ ਆਪਣੇ ਵਫ਼ਾਦਾਰ ਬੰਦਿਆਂ ਵਿੱਚ ਸ਼ਾਮਲ ਕਰੇ ਅਤੇ ਉਸ ਨੂੰ ਆਪਣੀਆਂ ਸਦੀਵੀ ਨਿਆਮਤਾਂ ਵਿੱਚ ਹਿੱਸੇਦਾਰ ਬਣਾਏ, ਉਸ ਲਈ ਲਾਜ਼ਮੀ ਹੈ ਕਿ ਉਹ ਕੁਰਆਨ ਪੜ੍ਹੇ ਅਤੇ ਉਸ ਨੂੰ ਆਪਣੀ ਜ਼ਿੰਦਗੀ ਦਾ ਰਾਹ-ਦਸੇਰਾ ਬਣਾਏ।

ਜੋ ਵਿਅਕਤੀ ਇਹ ਨਹੀਂ ਕਰੇਗਾ, ਉਸ ਦਾ ਅੰਜਾਮ ਉਹੀ ਹੋਵੇਗਾ ਜੋ ਰੂਸ ਵਿੱਚ ਅਮਰੀਕਾ-ਪਸੰਦ ਲੋਕਾਂ ਦਾ ਹੁੰਦਾ ਹੈ ਜਾਂ ਅਮਰੀਕਾ ਵਿੱਚ ਰੂਸ-ਪਸੰਦ ਲੋਕਾਂ ਦਾ ਹੁੰਦਾ ਹੈ।

# ਮੌਤ ਦੀ ਮੰਜ਼ਿਲ

ਮੌਤ ਦਾ ਪਲ ਹਰ ਕਿਸਮ ਦੇ ਅਨੁਮਾਨਿਤ ਅਤੇ ਅਣਅਨੁਮਾਨਿਤ ਪਲਾਂ ਨਾਲੋਂ ਕਿਤੇ ਵੱਧ ਤਿੱਖਾ ਹੈ। ਦੁਨੀਆ ਦੀ ਹਰ ਦੂਜੀ ਮੁਸੀਬਤ, ਜਿਸ ਲਈ ਇਨਸਾਨ ਪਰੇਸ਼ਾਨ ਰਹਿੰਦਾ ਹੈ, ਉਹ ਉਸ ਪਰੇਸ਼ਾਨੀ ਦੇ ਮੁਕਾਬਲੇ ਵਿੱਚ ਕੁਝ ਵੀ ਨਹੀਂ ਜੋ ਮੌਤ ਦੀ ਸ਼ਕਲ ਵਿੱਚ ਉਸ ਦੇ ਸਾਹਮਣੇ ਆਉਣ ਵਾਲੀ ਹੈ।

ਮੌਤ ਜ਼ਿੰਦਗੀ ਦੀ ਸਭ ਤੋਂ ਸਖ਼ਤ ਮੰਜ਼ਿਲ ਵੱਲ ਇੱਕ ਯਾਤਰਾ ਹੈ। ਇਹ ਪੂਰੀ ਤਰ੍ਹਾਂ ਅਧਿਕਾਰ ਰਹਿਤ ਅਤੇ ਨਿਰਸਹਾਇਤਾ ਦੀ ਹੱਦ ਵਿੱਚ ਦਾਖ਼ਲ ਹੋਣਾ ਹੈ। ਦੁਨੀਆ ਦੀ ਹਰ ਤਕਲੀਫ਼ ਦੀ ਇੱਕ ਸੀਮਾ ਹੁੰਦੀ ਹੈ, ਪਰ ਮੌਤ ਮਨੁੱਖ ਨੂੰ ਇੱਕ ਐਸੀ ਦੁਨੀਆ ਵਿੱਚ ਲੈ ਜਾਂਦੀ ਹੈ ਜਿਸ ਵਿਚ ਤਕਲੀਫਾਂ ਅਤੇ ਮੁਸੀਬਤਾਂ ਦੀ ਕੋਈ ਹੱਦ ਨਹੀਂ ਹੁੰਦੀ।

ਮੌਜੂਦਾ ਦੁਨੀਆ ਵਿੱਚ ਵੀ ਇਨਸਾਨ ਅਸਲ ਮਾਇਨੇ ਵਿੱਚ ਇਸ ਹੀ

ਸਥਿਤੀ ਵਿੱਚ ਜੀਓ ਰਿਹਾ ਹੈ। ਮਨੁੱਖ ਆਪਣੀ ਫ਼ਿਤਰਤ ਪੱਖੋਂ ਇੰਨਾ ਕਮਜ਼ੋਰ ਹੈ ਕਿ ਇੱਕ ਛੋਟੀ ਜਿਹੀ ਨਾਖੁਸ਼ਗਵਾਰੀ ਵੀ ਉਹ ਬਰਦਾਸ਼ਤ ਨਹੀਂ ਕਰ ਸਕਦਾ। ਇੱਕ ਸੂਈ ਦਾ ਚੁੱਭਣਾ, ਇੱਕ ਦਿਨ ਦੀ ਭੁੱਖ-ਪਿਆਸ, ਕੁਝ ਦਿਨ ਨੀਂਦ ਨਾ ਆਉਣਾ— ਇਹ ਸਭ ਉਸ ਦੇ ਪੂਰੇ ਅਸਤਿਤਵ ਨੂੰ ਝੰਜੋੜ ਦਿੰਦੇ ਹਨ। ਹਾਲਾਂਕਿ ਇਸ ਦੁਨੀਆ ਵਿੱਚ ਉਸ ਨੂੰ ਆਪਣੀ ਸਾਰੀ ਲੋੜ ਦੀਆਂ ਚੀਜ਼ਾਂ ਮੁਹੱਈਆ ਹਨ। ਇਸ ਕਰਕੇ ਉਹ ਆਪਣੀ ਅਸਲ ਬੇਬਸੀ ਨੂੰ ਭੁੱਲ ਬੈਠਦਾ ਹੈ ਅਤੇ ਆਪਣੀ ਹਕੀਕਤ ਤੋਂ ਬੇਖ਼ਬਰ ਰਹਿੰਦਾ ਹੈ।

ਜੇ ਮਨੁੱਖ ਤੋਂ ਇਹ ਮੌਜੂਦਾ ਦੁਨੀਆ ਖੋਹ ਲਈ ਜਾਵੇ— ਜਿੱਥੇ ਪਾਣੀ ਹੈ, ਫਲ-ਅਨਾਜ ਹੈ, ਜਿੱਥੇ ਹਵਾ ਅਤੇ ਰੌਸ਼ਨੀ ਹੈ, ਜਿੱਥੇ ਕੁਦਰਤ ਦੀਆਂ ਤਾਕਤਾਂ ਨੂੰ ਸੂਖਮ ਕਰਕੇ ਸਭਿਆਚਾਰ ਸਿਰਜਣ ਦੇ ਮੌਕੇ ਹਨ। ਜੇ ਇਹ ਮੌਜੂਦਾ ਦੁਨੀਆ ਇਨਸਾਨ ਤੋਂ ਲੈ ਲਈ ਜਾਵੇ ਤਾਂ ਅੰਤਰਿਕਸ਼ ਵਿਚ ਕਿਸੇ ਹੋਰ ਜਗ੍ਹਾ ’ਤੇ ਉਹ ਆਪਣੇ ਲਈ ਇਹੋ ਜਿਹੀ ਨਵੀਂ ਦੁਨੀਆ ਦੀ ਰਚਨਾ ਨਹੀਂ ਕਰ ਸਕਦਾ। ਇਸ ਤੋਂ ਬਾਅਦ ਉਸ ਦਾ ਅੰਜਾਮ ਸਿਰਫ਼ ਇਹ ਹੋਵੇਗਾ ਕਿ ਉਹ ਹਨੇਰੇ ਵਿੱਚ ਭਟਕਦਾ ਰਹੇਗਾ।

ਦੁਨੀਆ ਵਿੱਚ ਜਦੋਂ ਇਨਸਾਨ ’ਤੇ ਮੁਸੀਬਤ ਆਉਂਦੀ ਹੈ ਤਾਂ ਉਹ ਵਿਰਲਾਪ ਕਰਦਾ ਹੈ। ਪਰ ਜੇ ਉਹ ਆਉਣ ਵਾਲੇ ਦਿਨ ਨੂੰ ਜਾਣ ਲਵੇ ਤਾਂ ਉਹ ਕਹੇਗਾ: “ਖ਼ੁਦਾ! ਜੋ ਕੁਝ ਹੁਣ ਹੋ ਰਿਹਾ ਹੈ, ਉਸ ਨਾਲੋਂ ਕਿਤੇ ਵੱਧ ਸਖ਼ਤ ਹੈ ਉਹ ਜੋ ਅੱਗੇ ਆਉਣ ਵਾਲਾ ਹੈ।” ਦੁਨੀਆ ਵਿੱਚ ਜਦੋਂ ਮਨੁੱਖ ਨੂੰ ਇੱਜ਼ਤ ਅਤੇ ਆਰਾਮ ਮਿਲਦਾ ਹੈ ਤਾਂ ਉਹ ਅਹੰਕਾਰ ਵਿੱਚ ਡੂਬ ਜਾਂਦਾ ਹੈ। ਪਰ ਜੇ ਉਹ ਆਉਣ ਵਾਲੇ ਪਲਾਂ ਨੂੰ ਜਾਣ ਲਵੇ ਤਾਂ ਉਹ ਪੂਰੀ ਸਚਾਈ ਨਾਲ ਕਹੇਗਾ: “ਖ਼ੁਦਾ! ਇਸ ਇੱਜ਼ਤ ਅਤੇ ਆਰਾਮ ਦੀ ਕੋਈ ਕੀਮਤ ਨਹੀਂ, ਜੇ ਉਹ ਆਉਣ ਵਾਲੀ ਅੰਤਿਮ ਮੰਜ਼ਿਲ ’ਚ ਨਾਲ ਨਹੀਂ ਰਹਿ ਸਕਦੇ।”

ਮੌਤ ਸਾਡੀ ਜ਼ਿੰਦਗੀ ਦਾ ਅੰਤ ਨਹੀਂ, ਜ਼ਿੰਦਗੀ ਦਾ ਖ਼ਾਤਮਾ ਨਹੀਂ, ਬਲਕਿ ਇੱਕ ਨਵੀਂ ਮੰਜ਼ਿਲ ਦੀ ਸ਼ੁਰੂਆਤ ਹੈ। ਇਹ ਨਵੀਂ ਮੰਜ਼ਿਲ ਕਿਸੇ ਲਈ ਸਾਰੀਆਂ ਮੁਸੀਬਤਾਂ ਨਾਲੋਂ ਵੱਡੀ ਮੁਸੀਬਤ ਦੀ ਹਨੇਰੀ ਗਹਿਰੀ ਸੁਰੰਗ ਹੋਵੇਗੀ ਅਤੇ ਕਿਸੇ ਲਈ ਸਾਰੀਆਂ ਰਾਹਤਾਂ ਨਾਲੋਂ ਵੱਡੀ ਰਾਹਤ ਦਾ ਦਰਵਾਜ਼ਾ।

# ਕਿੰਨਾ ਅਜੀਬ

ਕਰਨਾਟਕ ਦੇ ਗਵਰਨਰ ਮਿਸਟਰ ਗੋਵਿੰਦ ਨਾਰਾਇਣ ਦੀ ਧੀ ਨੰਦਿਨੀ ਦੀ ਉਮਰ ਸਿਰਫ਼ 38 ਸਾਲ ਸੀ, ਕਿ 16 ਸਤੰਬਰ 1981 ਨੂੰ ਨਵੀਂ ਦਿੱਲੀ ਵਿੱਚ ਉਸ ਦਾ ਦੇਹਾਂਤ ਹੋ ਗਿਆ। ਇੱਕ ਹੱਸਦੀ ਹੋਈ ਜ਼ਿੰਦਗੀ ਅਚਾਨਕ ਖ਼ਾਮੋਸ਼ ਹੋ ਗਈ।

ਨੰਦਿਨੀ ਬੇਹੱਦ ਤੇਜ਼-ਦਿਮਾਗ ਅਤੇ ਤੰਦਰੁਸਤ ਸੀ। ਉਸ ਦੀ ਪੜ੍ਹਾਈ ਖ਼ਾਲਸ ਅੰਗਰੇਜ਼ੀ ਤਰੀਕੇ ਨਾਲ ਹੋਈ ਸੀ। ਉਸ ਤੋਂ ਬਾਅਦ ਉਸ ਨੇ ਅਮਰੀਕਾ ਤੋਂ ਜਰਨਲਿਜ਼ਮ ਵਿੱਚ ਡਿਗਰੀ ਹਾਸਲ ਕੀਤੀ ਸੀ। ਉਹ ਹਿੰਦੁਸਤਾਨ ਟਾਈਮਜ਼ ਵਿੱਚ ਸੀਨੀਅਰ ਰਿਪੋਰਟਰ ਸੀ। ਆਪਣੀਆਂ ਵਿਸ਼ੇਸ਼ ਖ਼ੂਬੀਆਂ ਕਰਕੇ ਨੰਦਿਨੀ ਆਪਣੇ ਪੱਤਰਕਾਰਿਤਾ ਦੇ ਦੋਸਤਾਂ ਵਿੱਚ ਬਹੁਤ ਹਰਮਨਪਿਆਰੀ ਸੀ। ਉਸ ਦੇ ਇੱਕ ਖ਼ਾਸ ਦੋਸਤ ਦੇ ਸ਼ਬਦਾਂ ਵਿੱਚ ਨੰਦਿਨੀ ਦੀ ਜ਼ਿੰਦਗੀ ਦਾ ਨਜ਼ਰੀਆ ਇਹ ਸੀ:

> "She loved life to the full and wanted to live it to the full." (ਉਹ ਜ਼ਿੰਦਗੀ ਨਾਲ ਆਖਰੀ ਹੱਦ ਤਕ ਪਿਆਰ ਕਰਦੀ ਸੀ ਅਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜਿਉਣਾ ਚਾਹੁੰਦੀ ਸੀ।)

ਨੰਦਿਨੀ ਦੀ ਮੌਤ ਤੋਂ ਬਾਅਦ ਉਸ ਦੇ ਸਾਥੀ ਰਿਪੋਰਟਰਾਂ ਨੇ (ਹਿੰਦੁਸਤਾਨ ਟਾਈਮਜ਼, 17 ਸਤੰਬਰ 1981 ਵਿਚ) ਇੱਕ ਸ਼ਰਧਾਂਜਲੀ ਪ੍ਰਕਾਸ਼ਿਤ ਕੀਤੀ। ਇਸ ਸ਼ਰਧਾਂਜਲੀ ਦੇ ਅੰਤ ਵਿੱਚ ਉਹ ਲਿਖਦੇ ਹਨ:

> "It is a cruel reminder of the fact that there is a deadline for everyone." (ਨੰਦਿਨੀ ਦੀ ਮੌਤ ਇਸ ਸੱਚਾਈ ਦੀ ਬੇਰਹਿਮ ਯਾਦ ਹੈ ਕਿ ਹਰ ਇਨਸਾਨ ਦਾ ਇਕ ਸਮਾਂ ਨਿਸ਼ਚਤ ਹੈ।)

ਕਿੰਨੀ ਅਜੀਬ ਗੱਲ ਹੈ ਕਿ ਇੱਕ ਜ਼ਿੰਦਗੀ ਚੱਲਦੇ-ਚੱਲਦੇ ਰੁਕ ਜਾਂਦੀ ਹੈ, ਇੱਕ ਰੋਸ਼ਨੀ ਜਲਦੇ-ਜਲਦੇ ਬੁੱਝ ਜਾਂਦੀ ਹੈ, ਇੱਕ ਹੱਸਦਾ ਹੋਇਆ ਚਿਹਰਾ ਇੱਕ ਪਲ ਵਿੱਚ ਇਸ ਤਰ੍ਹਾਂ ਖਤਮ ਹੋ ਜਾਂਦਾ ਹੈ ਜਿਵੇਂ ਕਿ ਉਹ ਮਿੱਟੀ ਤੋਂ ਵੀ ਘੱਟ ਮੁੱਲ ਦਾ ਹੋਵੇ। ਹੌਸਲਿਆਂ ਅਤੇ ਚਾਹਤਾਂ ਨਾਲ ਭਰੀ ਇੱਕ ਰੂਹ ਅਚਾਨਕ

ਇਸ ਤਰ੍ਹਾਂ ਦੁਨੀਆ ਤੋਂ ਲੋਪ ਕਰ ਦਿੱਤੀ ਜਾਂਦੀ ਹੈ, ਜਿਵੇਂ ਉਸ ਦੀਆਂ ਖ਼ਾਹਿਸ਼ਾਂ ਅਤੇ ਸੁਪਨਿਆਂ ਦੀ ਕੋਈ ਹਕੀਕਤ ਹੀ ਨਹੀਂ ਸੀ।

ਜ਼ਿੰਦਗੀ ਕਿੰਨੀ ਬਾਮਾਇਨੇ ਹੈ? ਪਰ ਇਸ ਦਾ ਅੰਤ ਉਸ ਨੂੰ ਕਿੰਨਾ ਬੇਮਾਇਨਾ ਬਣਾ ਦਿੰਦਾ ਹੈ? ਇਨਸਾਨ ਦਿਖਣ ਵਿੱਚ ਕਿੰਨਾ ਆਜ਼ਾਦ ਹੈ, ਪਰ ਮੌਤ ਦੇ ਸਾਹਮਣੇ ਕਿੰਨਾ ਲਾਚਾਰ ਨਜ਼ਰ ਆਉਂਦਾ ਹੈ। ਮਨੁੱਖ ਆਪਣੀਆਂ ਇੱਛਾਵਾਂ ਅਤੇ ਲੋੜਾਂ ਨੂੰ ਕਿੰਨੀ ਬੇਰਹਮੀ ਨਾਲ ਕੁਚਲ ਦਿੰਦਾ ਹੈ।

ਇਨਸਾਨ ਜੇ ਸਿਰਫ਼ ਆਪਣੀ ਮੌਤ ਨੂੰ ਯਾਦ ਰੱਖ ਲਵੇ ਤਾਂ ਉਹ ਕਿਸੇ ਦੀ ਨਾਫਰਮਾਨੀ (ਅਣਆਗਿਆਕਾਰੀ), ਬਗਾਵਤ ਅਤੇ ਅਪਮਾਨ ਨਹੀਂ ਕਰੇਗਾ। ਕਾਮਯਾਬ ਸਮੂਹਿਕ ਜ਼ਿੰਦਗੀ ਦਾ ਇੱਕ ਹੀ ਰਾਜ਼ ਹੈ ਕਿ ਮਨੁੱਖ ਆਪਣੀ ਹੱਦ ਵਿੱਚ ਰਹਿਣ ਲਈ ਤਿਆਰ ਹੋ ਜਾਵੇ ਅਤੇ ਮੌਤ ਨਿਸ਼ਚਤ ਤੌਰ ’ਤੇ ਇਸ ਸੱਚਾਈ ਦੀ ਸਭ ਤੋਂ ਵਧੀਆ ਅਧਿਆਪਕ ਹੈ।

# ਸੱਠ ਕਿਲੋਮੀਟਰ

ਜਾਬਿਰ ਹੁਸੈਨ ਇੱਕ ਰੇਲਵੇ ਗਾਰਡ ਸਨ। ਉਨ੍ਹਾਂ ਦੀ ਨੌਕਰੀ ਦੀ ਮਿਆਦ ਪੂਰੀ ਹੋ ਚੁੱਕੀ ਸੀ। 17 ਜੁਲਾਈ 1981 ਨੂੰ ਉਹ ਇੰਦੌਰ-ਬਿਲਾਸਪੁਰ ਐਕਸਪ੍ਰੈਸ ਟ੍ਰੇਨ ਲੈ ਕੇ ਰਵਾਨਾ ਹੋਏ। ਬਤੌਰ ਗਾਰਡ ਇਹ ਉਨ੍ਹਾਂ ਦਾ ਆਖਰੀ ਸਫਰ ਸੀ, ਕਿਉਂਕਿ ਅਗਲੇ ਦਿਨ 18 ਜੁਲਾਈ ਤੋਂ ਉਹ ਰਿਟਾਇਰ ਹੋਣ ਵਾਲੇ ਸਨ। ਰਿਟਾਇਰਮੈਂਟ ਤੋਂ ਬਾਅਦ ਦੀ ਜ਼ਿੰਦਗੀ ਜੀਊਣ ਲਈ ਉਨ੍ਹਾਂ ਨੇ ਆਪਣੇ ਮਨ ਵਿੱਚ ਇੱਕ ਪੂਰਾ ਨਕਸ਼ਾ ਬਣਾਇਆ ਹੋਇਆ ਸੀ। ਉਹਨਾਂ ਦਾ ਖਿਆਲ ਸੀ ਕਿ ਹੁਣ ਉਹ ਇਸ ਨਕਸ਼ੇ ਨੂੰ ਅਮਲ ਵਿੱਚ ਲਿਆਉਣ ਦੇ ਬਿਲਕੁਲ ਨੇੜੇ ਆ ਪਹੁੰਚੇ ਹਨ। ਬਤੌਰ ਗਾਰਡ ਆਪਣੀ ਅੰਤਿਮ ਡਿਊਟੀ ਲਈ ਰਵਾਨਾ ਹੁੰਦੇ ਸਮੇਂ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਕਿਹਾ, “ਕੱਲ ਤੋਂ ਮੇਰੀ ਜ਼ਿੰਦਗੀ ਸ਼ੁਰੂ ਹੋਵੇਗੀ।”

ਇਹ ਸਫਰ ਜਾਬਿਰ ਹੁਸੈਨ ਲਈ ਵਾਸਤਵ ਵਿੱਚ ਆਖਰੀ ਸਫਰ ਹੀ ਨਿਕਲਿਆ ਅਤੇ ਇਸ ਤੋਂ ਬਾਅਦ ਉਨ੍ਹਾਂ ਦੀ ਦੂਜੀ ਜ਼ਿੰਦਗੀ ਸ਼ੁਰੂ ਹੋ ਗਈ। ਪਰ ਉਸ ਮਾਇਨੇ ਵਿੱਚ ਨਹੀਂ ਜਿਵੇਂ ਉਹ ਸਮਝ ਰਹੇ ਸਨ, ਸਗੋਂ ਕਿਸੇ ਹੋਰ

ਹੀ ਅਰਥਾਂ ਵਿੱਚ। ਉਨ੍ਹਾਂ ਦੀ ਐਕਸਪ੍ਰੈਸ ਟ੍ਰੇਨ ਆਪਣੀ ਮੰਜ਼ਿਲ ਤੋਂ ਸਿਰਫ 60 ਕਿਲੋਮੀਟਰ ਦੂਰ ਸੀ ਕਿ ਪਿੱਛੋਂ ਆਉਣ ਵਾਲੀ ਇੱਕ ਮਾਲਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ। ਗਾਰਡ ਦਾ ਡੱਬਾ ਚਕਨਾਚੂਰ ਹੋ ਗਿਆ। ਜਾਬਿਰ ਹੁਸੈਨ ਮੌਕੇ ’ਤੇ ਹੀ ਫੌਤ ਹੋ ਗਏ। ਇੱਕ ਰੇਲਵੇ ਅਧਿਕਾਰੀ ਨੇ ਇਸ ਹਾਦਸੇ ਬਾਰੇ ਟਿੱਪਣੀ ਕਰਦਿਆਂ ਕਿਹਾ:

> "Sixty Kilometers more and it would have been the end of his official journey."
>
> ਜੇ ਜਾਬਿਰ ਹੁਸੈਨ 60 ਕਿਲੋਮੀਟਰ ਦਾ ਸਫ਼ਰ ਹੋਰ ਤੈਅ ਕਰ ਲੈਂਦੇ ਤਾਂ ਇੱਕ ਰੇਲਵੇ ਮੁਲਾਜ਼ਮ ਵਜੋਂ ਉਨ੍ਹਾਂ ਦਾ ਸਫਰ ਮੁਕੰਮਲ ਹੋ ਜਾਣਾ ਸੀ। (ਇੰਡਿਅਨ ਐਕਸਪ੍ਰੈਸ, 18 ਜੁਲਾਈ 1981)

ਦਰਅਸਲ ਇਹੀ ਹਾਲ ਇਸ ਦੁਨੀਆ ਦੇ ਹਰ ਇਨਸਾਨ ਦਾ ਹੈ। ਇਨਸਾਨ ਆਪਣੀ ਉਮਰ ਨੂੰ ਲੰਮਾ ਸਮਝ ਕੇ ਜੀਓ ਰਿਹਾ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦਾ ਸਫਰ ਹਾਲੇ ਸੱਠ ਕਿਲੋਮੀਟਰ ਬਾਅਦ ਪੂਰਾ ਹੋਵੇਗਾ। ਪਰ ਮੌਤ ਦਾ ਫ਼ਰਿਸ਼ਤਾ ਉਸ ਨੂੰ ਸੱਠ ਕਿਲੋਮੀਟਰ ਤੋਂ ਪਹਿਲਾਂ ਹੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਹਰ ਇਨਸਾਨ ਇਸ ਦੁਨੀਆ ਵਿੱਚ ਆਪਣੇ ਕੱਲ ਦੇ ਨਿਰਮਾਣ ਦਾ ਨਕਸ਼ਾ ਬਣਾਉਂਦਾ ਰਹਿੰਦਾ ਹੈ। ਪਰ ਅਚਾਨਕ ਮੌਤ ਆ ਕੇ ਉਸ ਨੂੰ ਦੱਸਦੀ ਹੈ ਕਿ ਉਸ ਦਾ ਕੱਲ ਉਸ ਸਥਾਈ ਜਹਾਨ ਵਿੱਚ ਸ਼ੁਰੂ ਹੁੰਦਾ ਹੈ ਜਿਥੇ ਮੌਜੂਦਾ ਦੁਨੀਆ ਦੇ ਕੈਲੇਂਡਰ ਦਾ ਵਜੂਦ ਮੁੱਕ ਜਾਂਦਾ ਹੈ। ਜਿੱਥੇ ਇਨਸਾਨ ਆਪਣੇ ਸਫਰ ਦਾ ਅੰਤ ਸਮਝ ਰਿਹਾ ਹੁੰਦਾ ਹੈ, ਅਸਲ ਵਿੱਚ ਉਥੋਂ ਉਸ ਦੇ ਸੱਚੇ ਸਫਰ ਦੀ ਸ਼ੁਰੂਆਤ ਹੁੰਦੀ ਹੈ।

# ਜ਼ਿੰਦਗੀ ਦਾ ਸਫ਼ਰ

ਮੁਸਤਫ਼ਾ ਰਸ਼ੀਦ ਸ਼ੇਰਵਾਨੀ, ਮਸ਼ਹੂਰ ਆਜ਼ਾਦੀ ਘੁਲਾਟੀਆ, ਉਦਯੋਗਪਤੀ ਅਤੇ ਰਾਜ ਸਭਾ ਦੇ ਮੈਂਬਰ, ਟ੍ਰੇਨ ਰਾਹੀਂ ਅਲਹਾਬਾਦ ਤੋਂ ਦਿੱਲੀ ਜਾ ਰਹੇ ਸਨ। ਕਸ਼ਮੀਰ ਦੇ ਗਵਰਨਰ ਮਿਸਟਰ ਬੀ.ਕੇ. ਨੇਹਰੂ ਵੀ ਉਨ੍ਹਾਂ ਦੇ ਹੀ ਕੰਪਾਰਟਮੈਂਟ

ਵਿੱਚ ਸਨ। ਟ੍ਰੇਨ ਗਾਜ਼ਿਆਬਾਦ ਪਹੁੰਚੀ ਹੀ ਸੀ ਕਿ ਮੁਸਤਫ਼ਾ ਰਸ਼ੀਦ ਸ਼ੇਰਵਾਨੀ ਨੂੰ ਦਿਲ ਦਾ ਦੌਰਾ ਪਿਆ। ਇਸਤੋਂ ਪਹਿਲਾਂ ਕਿ ਕੋਈ ਇਲਾਜ ਹੋ ਸਕਦਾ, ਟ੍ਰੇਨ ਵਿੱਚ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਹ ਘਟਨਾ 8 ਅਪ੍ਰੈਲ 1981 ਦੀ ਹੈ। ਇੰਤਕਾਲ ਦੇ ਵੇਲੇ ਮਰਹੂਮ ਦੀ ਉਮਰ 59 ਸਾਲ ਸੀ।

ਇਸ ਕਿਸਮ ਦੀਆਂ ਘਟਨਾਵਾਂ ਹਰ ਰੋਜ਼ ਵੱਖ-ਵੱਖ ਰੂਪਾਂ ਵਿੱਚ ਵਾਪਰਦੀਆਂ ਹਨ। ਹਰ ਦਿਨ ਬੇਸ਼ੁਮਾਰ ਜ਼ਿੰਦਾ ਲੋਕ ਮੌਤ ਦੇ ਦਰਵਾਜ਼ੇ ਵਿਚ ਦਾਖਲ ਹੋ ਜਾਂਦੇ ਹਨ। ਹਰ ਰੋਜ਼ ਲੱਖਾਂ ਲੋਕਾਂ ਨਾਲ ਇਹ ਹੁੰਦਾ ਹੈ ਕਿ ਉਹ ਆਪਣੇ ਘਰ ਤੋਂ ਨਿਕਲ ਕੇ ਕਿਸੀ 'ਦਿੱਲੀ' ਲਈ ਰਵਾਨਾ ਹੁੰਦੇ ਹਨ, ਪਰ ਰਾਹ ਵਿੱਚ ਹੀ ਖੁਦਾ ਦਾ ਫ਼ਰਿਸ਼ਤਾ ਉਨ੍ਹਾਂ ਨੂੰ ਫੜ ਲੈਂਦਾ ਹੈ ਅਤੇ ਉਹ ਦਿੱਲੀ ਨਹੀਂ ਸਗੋਂ ਆਖ਼ਰਤ (ਅਗੰਮੀ ਦੁਨੀਆ) ਦੀ ਮੰਜ਼ਿਲ 'ਤੇ ਪਹੁੰਚਾ ਦਿੱਤੇ ਜਾਂਦੇ ਹਨ।

ਹਰ ਇਨਸਾਨ ਆਪਣੇ ਮਨ ਵਿੱਚ ਉਮੀਦਾਂ ਅਤੇ ਖਾਹਿਸ਼ਾਂ ਦੀ ਇੱਕ ਦੁਨੀਆ ਬਣਾਈ ਬੈਠਾ ਹੈ। ਉਹ ਸਮਝਦਾ ਹੈ ਕਿ ਮੈਂ ਆਪਣੀ ਉਮੀਦਾਂ ਦੀ ਦੁਨੀਆ ਵੱਲ ਵੱਧ ਰਿਹਾ ਹਾਂ, ਮੈਂ ਆਪਣੇ ਸੁਪਨਿਆਂ ਵਾਲੇ 'ਕੱਲ' ਵੱਲ ਤੁਰ ਪਿਆ ਹਾਂ। ਪਰ ਬਹੁਤ ਜਲਦੀ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਆਪਣੀਆਂ ਇੱਛਾਵਾਂ ਵਾਲੀ ਦੁਨੀਆ ਵੱਲ ਨਹੀਂ, ਸਗੋਂ ਖੁਦਾ ਦੀ ਦੁਨੀਆ ਵੱਲ ਵੱਧ ਰਿਹਾ ਸੀ। ਉਹ ਦੁਨੀਆ ਦੀ ਮੰਜ਼ਿਲ ਵੱਲ ਨਹੀਂ, ਸਗੋਂ ਆਖ਼ਰਤ ਦੀ ਮੰਜ਼ਿਲ ਵੱਲ ਜਾ ਰਿਹਾ ਸੀ। ਇਨਸਾਨ ਕਿੱਥੇ ਤੁਰਦਾ ਹੈ ਅਤੇ ਕਿੱਥੇ ਪਹੁੰਚਦਾ ਹੈ— ਇਸ ਦੀ ਕਿਸੇ ਨੂੰ ਖ਼ਬਰ ਨਹੀਂ ਹੁੰਦੀ।

ਇਨਸਾਨ ਆਪਣੇ ਬੱਚਿਆਂ ਦੇ ਭਵਿੱਖ ਲਈ ਆਪਣਾ ਸਭ ਕੁਝ ਵਾਰ ਦਿੰਦਾ ਹੈ। ਪਰ ਇਸ ਤੋਂ ਪਹਿਲਾਂ ਕਿ ਉਹ ਆਪਣੇ ਬੱਚਿਆਂ ਦੇ ਬਣੇ ਭਵਿੱਖ ਨੂੰ ਦੇਖ ਕੇ ਖੁਸ਼ ਹੋਵੇ, ਉਸ ਨੂੰ ਅਚਾਨਕ ਆਪਣੇ ਹੀ ਉਸ ਭਵਿੱਖ ਵੱਲ ਧੱਕ ਦਿੱਤਾ ਜਾਂਦਾ ਹੈ ਜਿਸ ਲਈ ਉਸ ਨੇ ਕੋਈ ਤਿਆਰੀ ਨਹੀਂ ਕੀਤੀ ਹੁੰਦੀ। ਇਨਸਾਨ ਆਪਣੀ ਸੁੱਖ ਸਹੂਲਤ ਲਈ ਇੱਕ ਸ਼ਾਨਦਾਰ ਘਰ ਬਣਾਉਂਦਾ ਹੈ, ਪਰ ਉਹ ਸਮਾਂ ਆਉਂਦਾ ਹੀ ਨਹੀਂ ਕਿ ਉਹ ਆਪਣੇ ਸੁਪਨੇ ਦੇ ਉਸ ਘਰ ਵਿੱਚ ਚੈਨ ਨਾਲ ਰਹਿ ਸਕੇ, ਉਸਤੋਂ ਪਹਿਲਾਂ ਹੀ ਮੌਤ ਉਸ ਦੇ ਅਤੇ ਉਸ ਦੇ ਮਕਾਨ ਦੇ ਵਿਚਕਾਰ ਆ ਖੜ੍ਹੀ ਹੁੰਦੀ ਹੈ। ਇਨਸਾਨ ਆਪਣਾ ਕੰਮਕਾਜ ਵਧਾਉਂਦਾ ਹੈ, ਸੋਚਦਾ ਹੈ ਕਿ ਮੈਂ ਇੱਜ਼ਤ ਅਤੇ ਤਰੱਕੀ ਦੀਆਂ ਬੁਲੰਦੀਆਂ 'ਤੇ ਚੜ੍ਹ ਰਿਹਾ ਹਾਂ। ਪਰ ਜਲਦੀ ਹੀ ਉਸ ਨੂੰ ਪਤਾ ਲੱਗਦਾ ਹੈ ਕਿ ਆਉਣ ਵਾਲਾ ਦਿਨ ਉਸ ਲਈ

ਇੱਜ਼ਤ ਅਤੇ ਤਰੱਕੀ ਦਾ ਨਹੀਂ, ਸਗੋਂ ਇੱਕ ਸੁੰਨ-ਸਾਨ ਕਬਰ ਵਿਚ ਜਾਣ ਦਾ ਸੀ। ਖੁਦਾ ਹਰ ਦਿਨ ਕਿਸੀ 'ਦਿੱਲੀ' ਦੇ ਮੁਸਾਫਿਰ ਨੂੰ ਕਬਰ ਵਿੱਚ ਪਹੁੰਚਾ ਰਿਹਾ ਹੈ। ਪਰ ਇਨਸਾਨ ਇਨ੍ਹਾਂ ਘਟਨਾਵਾਂ ਤੋਂ ਸਬਕ ਨਹੀਂ ਲੈਂਦਾ। ਉਸ ਦੇ ਬਾਵਜੂਦ ਹਰ ਕੋਈ ਇਹੀ ਸਮਝਦਾ ਹੈ ਕਿ ਉਹ 'ਦਿੱਲੀ' ਵੱਲ ਜਾ ਰਿਹਾ ਹੈ। ਕਬਰ ਦੀ ਮੰਜ਼ਿਲ ਉਸ ਲਈ ਕਦੇ ਆਉਣ ਵਾਲੀ ਨਹੀਂ ਹੈ।

# ਮੌਤ ਤੋਂ ਅੱਗੇ

ਫ਼ਰਾਂਸ ਦੇ ਲੂਈ ਗਿਆਰ੍ਹਵੇਂ (1423-1483) ਨੇ ਸੱਠ ਸਾਲ ਤੱਕ ਬਾਦਸ਼ਾਹ ਵਜੋਂ ਜ਼ਿੰਦਗੀ ਗੁਜ਼ਾਰੀ। ਉਹ ਮਰਨਾ ਨਹੀਂ ਚਾਹੁੰਦਾ ਸੀ। ਇਸ ਲਈ ਆਖ਼ਰੀ ਉਮਰ ਵਿੱਚ ਉਹ ਇੱਕ ਬੰਦ ਕਿਲੇ ਵਿੱਚ ਰਹਿਣ ਲੱਗਾ, ਜਿਥੇ ਬਹੁਤ ਘੱਟ ਲੋਕਾਂ ਨੂੰ ਦਾਖ਼ਲ ਹੋਣ ਦੀ ਇਜਾਜ਼ਤ ਸੀ। ਕਿਲੇ ਦੇ ਚਾਰੋਂ ਪਾਸੇ ਗਹਿਰੀ ਖਾਈ ਖੋਦੀ ਗਈ ਸੀ ਤਾਂ ਕਿ ਕੋਈ ਉਸ ਦੇ ਨੇੜੇ ਵੀ ਨਾ ਆ ਸਕੇ। ਕਿਲੇ ਦੀਆਂ ਦਿਵਾਰਾਂ 'ਤੇ ਹਰ ਵੇਲੇ ਚਾਲੀ ਤੀਰਅੰਦਾਜ਼ ਤੈਨਾਤ ਰਹਿੰਦੇ ਸਨ ਅਤੇ ਚਾਲੀ ਘੁੜਸਵਾਰ ਦਿਨ ਰਾਤ ਗਸ਼ਤ ਕਰਦੇ ਰਹਿੰਦੇ ਸਨ। ਬਾਦਸ਼ਾਹ ਦਾ ਸਖ਼ਤ ਹੁਕਮ ਸੀ ਕਿ ਜੋ ਵੀ ਬਿਨਾਂ ਇਜਾਜ਼ਤ ਕਿਲੇ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰੇ, ਉਸਦਾ ਤੁਰੰਤ ਕਤਲ ਕਰ ਦਿੱਤਾ ਜਾਵੇ। ਕਿਲੇ ਦੇ ਅੰਦਰ ਬਾਦਸ਼ਾਹ ਲਈ ਹਰ ਤਰ੍ਹਾਂ ਦੇ ਐਸ਼ੋ-ਆਰਾਮ ਦਾ ਇੰਤਜ਼ਾਮ ਕੀਤਾ ਗਿਆ ਸੀ ਤਾਂ ਕਿ ਬਾਦਸ਼ਾਹ ਦਾ ਮਨ ਕਦੇ ਉਦਾਸ ਨਾ ਹੋਵੇ।

ਲੂਈ ਗਿਆਰ੍ਹਵੇਂ ਨੂੰ ਜ਼ਿੰਦਾ ਰਹਿਣ ਦਾ ਇੰਨਾ ਸ਼ੌਂਕ ਸੀ ਕਿ ਉਸ ਨੇ ਹੁਕਮ ਜਾਰੀ ਕੀਤਾ ਹੋਇਆ ਸੀ ਕਿ ਉਸ ਦੇ ਸਾਹਮਣੇ ਮੌਤ ਸ਼ਬਦ ਦੀ ਕਦੇ ਵੀ ਵਰਤੋਂ ਨਾ ਕੀਤੀ ਜਾਵੇ। ਇੱਕ ਮਾਹਿਰ ਡਾਕਟਰ ਹਰ ਪਲ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਿਰ ਰਹਿੰਦਾ ਸੀ। ਉਸ ਡਾਕਟਰ ਦੀ ਮਹੀਨਾਵਾਰ ਤਨਖ਼ਾਹ ਦਸ ਹਜ਼ਾਰ ਸੁਨਹਿਰੀ ਕ੍ਰਾਉਨ ਸੀ। ਉਸ ਸਮੇਂ ਯੂਰਪ ਦੇ ਕਿਸੇ ਵੀ ਜੰਗੀ ਸੈਨਾਪਤੀ, ਜਿਸਨੂੰ ਕਈ ਵਰ੍ਹਿਆਂ ਦਾ ਅਨੁਭਵ ਵੀ ਹੋਵੇ; ਨੂੰ ਵੀ ਇੰਨੀ ਤਨਖ਼ਾਹ ਨਹੀਂ ਮਿਲਦੀ ਸੀ।

ਪਰ ਇਹਨਾਂ ਵਿਚੋਂ ਕੋਈ ਵੀ ਚੀਜ਼ ਬਾਦਸ਼ਾਹ ਨੂੰ ਬੁਢੇਪੇ ਅਤੇ ਕਮਜ਼ੋਰੀ

ਤੋਂ ਨਾ ਬਚਾ ਸਕੀ। ਆਖ਼ਰੀ ਉਮਰ ਵਿੱਚ ਉਹ ਇਸ ਕਦਰ ਕਮਜ਼ੋਰ ਹੋ ਗਿਆ ਸੀ ਕਿ ਮੁਸ਼ਕਲ ਨਾਲ ਹੀ ਖਾਣ ਦੀ ਕੋਈ ਚੀਜ਼ ਚੁੱਕ ਕੇ ਆਪਣੇ ਮੂੰਹ ਵਿਚ ਪਾ ਪਾਉਂਦਾ ਸੀ। ਇਸ ਦੇ ਬਾਵਜੂਦ ਉਸ ਵਿੱਚ ਜੀਊਣ ਦੀ ਤਾਂਘ ਹੱਦ ਤੋਂ ਵੱਧ ਸੀ, ਜਿਸਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।

ਉਸ ਨੇ ਸੁਣਿਆ ਸੀ ਕਿ ਕੱਛੂਏ ਪੰਜ ਸੌ ਸਾਲ ਜੀਉਂਦੇ ਹਨ ਅਤੇ ਉਹ ਜੀਵਨਦਾਨ ਤੱਤਾਂ ਦੇ ਮਾਲਕ ਹੁੰਦੇ ਹਨ। ਇਸ ਲਈ ਬਾਦਸ਼ਾਹ ਨੇ ਕੁਝ ਖਾਸ ਲੋਕਾਂ ਨੂੰ ਤਿੰਨ ਸਮੁੰਦਰੀ ਜਹਾਜ਼ਾਂ ਉਤੇ ਜਰਮਨੀ ਅਤੇ ਇਟਲੀ ਵੱਲ ਭੇਜਿਆ ਤਾਂ ਜੋ ਉੱਥੋਂ ਉਸ ਲਈ ਸਮੁੰਦਰੀ ਕੱਛੂਏ ਲਿਆਂਦੇ ਜਾਣ। ਇਹ ਕੱਛੂਏ ਉਸਦੇ ਨਜ਼ਦੀਕ ਇੱਕ ਵੱਡੇ ਹੌਜ਼ (ਪਾਣੀ ਦੇ ਟੈਂਕ) ਵਿੱਚ ਰੱਖੇ ਗਏ ਤਾਂ ਕਿ ਉਹ ਬਾਦਸ਼ਾਹ ਨੂੰ ਲੰਬੀ ਉਮਰ ਦੇ ਤੱਤ ਪ੍ਰਦਾਨ ਕਰ ਸਕਣ।

ਅੰਤ ਵਿੱਚ ਲੂਈ ਨੂੰ ਅਧਰੰਗ ਦਾ ਦੌਰਾ ਪਿਆ ਅਤੇ 30 ਅਗਸਤ 1483 ਨੂੰ ਮੌਤ ਨੇ ਉਸਨੂੰ ਆਪਣੇ ਕਾਬੂ ਵਿੱਚ ਕਰ ਲਿਆ। ਆਖਿਰ ਉਸ ਨੂੰ ਇਹ ਸੋਝੀ ਆ ਗਈ ਕਿ ਕੋਈ ਇਨਸਾਨ ਮੌਤ ’ਤੇ ਜਿੱਤ ਹਾਸਲ ਨਹੀਂ ਕਰ ਸਕਦਾ। ਮਰਨ ਤੋਂ ਪਹਿਲਾਂ ਉਸ ਦੀ ਜ਼ਬਾਨ ’ਤੇ ਅਖ਼ੀਰਲੇ ਸ਼ਬਦ ਇਹ ਸਨ: “ਮੈਂ ਇੰਨਾਂ ਬਿਮਾਰ ਤਾਂ ਨਹੀਂ ਹਾਂ, ਜਿੰਨਾਂ ਤੁਸੀਂ ਖਿਆਲ ਰੱਖ ਰਹੇ ਹੋ।”

ਪਰ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਰਹੀਆਂ। 30 ਅਗਸਤ 1483 ਨੂੰ ਉਹ ਮਰ ਗਿਆ ਅਤੇ ਅਖ਼ੀਰਕਾਰ ਫ਼ਰਾਂਸ ਦੇ ਬਾਦਸ਼ਾਹ ਨੂੰ ਇਹ ਗਿਆਤ ਹੋ ਗਿਆ ਕਿ ਮੌਤ ਨੂੰ ਕੋਈ ਨਹੀਂ ਜਿੱਤ ਸਕਦਾ— ਕਦੇ ਨਹੀਂ, ਕਿਸੇ ਵੀ ਤਰ੍ਹਾਂ ਨਹੀਂ।

## ਰੁਪਏ ਤੋਂ ਰਾਖ ਤੱਕ

ਘਣਸ਼ਾਮ ਦਾਸ ਬਿਰਲਾ (1894–1983) ਭਾਰਤ ਦੇ ਮੋਹਰੀ ਉਦਯੋਗਪਤੀ ਸਨ। ਉਨ੍ਹਾਂ ਦੀ ਸਰਵੋਤਮ ਅਤੇ ਸਰਵਉੱਚ ਕਾਮਯਾਬੀ ਦਾ ਰਾਜ਼ ਉਨ੍ਹਾਂ ਦਾ ਅਸੂਲਾਂ ’ਚ ਬੱਧਿਆ ਸਿਧਾਂਤਕ ਜੀਵਨ ਸੀ। ਉਨ੍ਹਾਂ ਨੇ 12 ਸਾਲ ਦੀ ਉਮਰ ਵਿੱਚ ਇੱਕ ਮਾਮੂਲੀ ਕਾਰੋਬਾਰ ਨਾਲ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ।

ਫਿਰ ਉਹ ਸਫਲਤਾ ਦੀਆਂ ਉੱਚੀਆਂ ਬੁਲੰਦੀਆਂ ਨੂੰ ਛੂਹ ਗਏ। ਅੱਜ ਉਨ੍ਹਾਂ ਦਾ ਪਰਿਵਾਰ ਭਾਰਤ ਦਾ ਅਜਿਹਾ ਸਭ ਤੋਂ ਵੱਡਾ ਕਾਰੋਬਾਰੀ ਪਰਿਵਾਰ ਹੈ, ਜਿਸਦਾ ਸਾਨੀ (ਛੋਮਪਓਰਸੋਿਨ) ਕੋਈ ਦੂਜਾ ਨਹੀਂ ਹੈ।

ਸ਼੍ਰੀ ਬਿਰਲਾ ਦਾ ਰੁਟੀਨ ਸੀ ਸਵੇਰੇ 5 ਵਜੇ ਉੱਠਣਾ ਅਤੇ ਰਾਤ 9 ਵਜੇ ਤੱਕ ਲਗਾਤਾਰ ਕੰਮ ਵਿੱਚ ਲੱਗੇ ਰਹਿਣਾ। ਉਨ੍ਹਾਂ ਦੀ ਜ਼ਿੰਦਗੀ ਬਹੁਤ ਸਾਦੀ ਸੀ। ਉਹ ਸ਼ਰਾਬ ਦੀ ਬਜਾਏ ਕਾਫੀ ਪੀਂਦੇ ਸਨ ਅਤੇ ਦੋ ਵਕਤ ਦੇ ਖਾਣੇ ਵਿਚਕਾਰ ਪਾਣੀ ਤੋਂ ਇਲਾਵਾ ਹੋਰ ਕੁਝ ਨਹੀਂ ਪੀਂਦੇ ਸਨ। ਉਹ ਅਕਸਰ ਆਪਣਾ ਖਾਣਾ ਖੁਦ ਬਣਾਉਂਦੇ ਸਨ।

ਸ਼੍ਰੀ ਬਿਰਲਾ ਹਰ ਰੋਜ਼ ਸਵੇਰੇ ਸੈਰ ਲਈ ਜਾਂਦੇ ਸਨ। ਇਹ ਰੁਟੀਨ ਕਦੇ ਵੀ ਨਹੀਂ ਹਿੱਲਿਆ, ਭਾਵੇਂ ਉਹ ਭਾਰਤ ਵਿੱਚ ਹੋਣ ਜਾਂ ਵਿਦੇਸ਼ ਵਿੱਚ। 11 ਜੂਨ, 1983 ਨੂੰ ਉਹ ਲੰਡਨ ਵਿੱਚ ਸਨ। ਆਮ ਰੂਟੀਨ ਵਾਂਗ, ਉਹ ਨਾਸ਼ਤੇ ਤੋਂ ਬਾਅਦ ਰੀਜੈਂਟ ਸਟਰੀਟ ’ਤੇ ਸੈਰ ਕਰਨ ਗਏ। ਥੋੜ੍ਹੀ ਦੂਰ ਜਾਣ ਤੋਂ ਬਾਅਦ, ਉਨ੍ਹਾਂ ਨੂੰ ਤਕਲੀਫ ਮਹਿਸੂਸ ਹੋਈ ਅਤੇ ਉਨ੍ਹਾਂ ਨੇ ਆਪਣੇ ਨਾਲ ਮੌਜੂਦ ਆਪਣੇ ਦੋ ਸਹਾਇਕਾਂ ਨੂੰ ਸੂਚਿਤ ਕੀਤਾ। ਉਹ ਤੁਰੰਤ ਸ਼੍ਰੀ ਬਿਰਲਾ ਨੂੰ ਘਰ ਵਾਪਸ ਲੈ ਆਏ। ਘਰ ਪਹੁੰਚਦੇ ਹੀ ਉਹ ਬੇਹੋਸ਼ ਹੋ ਗਏ। ਉਨ੍ਹਾਂ ਨੂੰ ਤੁਰੰਤ ਲੰਡਨ ਦੇ ਮਿਡਲ ਸਿਕਸ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿੱਚ ਉਨ੍ਹਾਂ ਨੂੰ ਥੋੜ੍ਹੀ ਦੇਰ ਲਈ ਹੋਸ਼ ਆਇਆ ਤਾਂ ਉਹਨਾਂ ਨੇ ਪੁੱਛਿਆ, “ਡਾਕਟਰ! ਮੈਨੂੰ ਕੀ ਹੋਇਆ ਹੈ?” What is wrong with me, doctor?

ਡਾਕਟਰਾਂ ਨੇ ਕਿਹਾ, “ਅਸੀਂ ਪੰਜ ਮਿੰਟਾਂ ਵਿੱਚ ਜਾਂਚ ਕਰਕੇ ਤੁਹਾਨੂੰ ਦੱਸਦੇ ਹਾਂ।” ਪਰ ਇਸਤੋਂ ਪਹਿਲਾਂ ਕਿ ਡਾਕਟਰ ਆਪਣੀ ਜਾਂਚ ਪੂਰੀ ਕਰਦੇ, ਉਹਨਾਂ ਦੀ ਮੌਤ ਹੋ ਗਈ ਸੀ। ਸ਼੍ਰੀ ਬਿਰਲਾ ਦੀ ਵਸੀਅਤ ਵਿੱਚ ਲਿਖਿਆ ਹੋਇਆ ਸੀ ਕਿ ਜਿਸ ਜਗ੍ਹਾਂ ਮੈਂ ਸਵਾਸ ਤਿਆਗਾਂ, ਉਸੇ ਜਗ੍ਹਾ ਮੇਰਾ ਸਸਕਾਰ ਕੀਤਾ ਜਾਵੇ। ਇਸ ਲਈ ਉਹਨਾਂ ਦੀ ਮ੍ਰਿਤਕ ਦੇਹ ਦਾ ਲੰਡਨ ਦੇ ਇੱਕ ਇਲੈਕਟ੍ਰਿਕ ਸ਼ਮਸ਼ਾਨਘਾਟ ਵਿੱਚ ਸਸਕਾਰ ਕੀਤਾ ਗਿਆ ਅਤੇ ਉਹਨਾਂ ਦੀਆਂ ਅਸਥੀਆਂ ਨੂੰ ਭਾਰਤ ਦੀਆਂ ਨਦੀਆਂ ਵਿੱਚ ਪ੍ਰਵਾਹਿਤ ਕਰ ਦਿੱਤਾ ਗਿਆ। ਸ਼੍ਰੀ ਬਿਰਲਾ ਨੇ ਕਦੇ ਵੀ ਸਕੂਲੀ ਸਿੱਖਿਆ ਪ੍ਰਾਪਤ ਨਹੀਂ ਕੀਤੀ। ਹਾਲਾਂਕਿ, ਉਹਨਾਂ ਨੇ ਬਾਅਦ ਵਿੱਚ ਨਿੱਜੀ ਮਿਹਨਤ ਸਦਕਾ ਆਪਣੇ ਅੰਦਰ ਸਮਰੱਥਾ

ਪੈਦਾ ਕੀਤੀ। ਉਹ ਕਈ ਕਿਤਾਬਾਂ ਦੇ ਲੇਖਕ ਬਣੇ। ਉਨ੍ਹਾਂ ਦੀ ਇੱਕ ਕਿਤਾਬ ਦਾ ਹਿੰਦੀ ਸਿਰਲੇਖ "ਰੁਪਏ ਕੀ ਕਹਾਣੀ" ਹੈ।

ਸ਼੍ਰੀ ਬਿਰਲਾ ਨੇ "ਰੁਪਏ ਕੀ ਕਹਾਣੀ" ਲਿਖੀ, ਹਾਲਾਂਕਿ ਉਹ ਖੁਦ ਅੰਤ ਵਿੱਚ "ਰਾਖ ਦੀ ਕਹਾਣੀ" ਬਣਨ ਵਾਲੇ ਸਨ। ਇਹ ਹਰ ਵਿਅਕਤੀ ਨਾਲ ਹੈ। ਹਰ ਕੋਈ ਆਪਣੀ ਸਫਲਤਾ ਦੀ ਕਹਾਣੀ ਲਿਖ ਰਿਹਾ ਹੈ। ਹਾਲਾਂਕਿ, ਅਖੀਰਕਾਰ ਉਹ ਜਿੱਥੇ ਪਹੁੰਚਣ ਵਾਲਾ ਹੈ, ਉਹ ਅੰਤਿਮ ਮੰਜ਼ਿਲ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੁੰਦਾ।

# ਜਦੋਂ ਯਾਤਰਾ ਸਮਾਪਤ ਹੁੰਦੀ ਹੈ

ਐਕਸਪ੍ਰੈਸ ਟ੍ਰੇਨ ਇੱਕ ਲੰਮਾ ਸਫ਼ਰ ਤੈਅ ਕਰਨ ਤੋਂ ਬਾਅਦ ਆਪਣੀ ਮੰਜ਼ਿਲ 'ਤੇ ਪਹੁੰਚ ਰਹੀ ਸੀ। ਰੇਲਵੇ ਲਾਈਨ ਦੇ ਦੋਵੇਂ ਪਾਸੇ ਦੇ ਦ੍ਰਿਸ਼ ਦਰਸਾਉਂਦੇ ਸਨ ਕਿ ਆਖਰੀ ਸਟੇਸ਼ਨ ਨੇੜੇ ਹੈ। ਟ੍ਰੇਨ ਵਿੱਚ ਮੌਜੂਦ ਸੈਂਕੜੇ ਯਾਤਰੀਆਂ ਵਿਚ ਉਤਸੁਕਤਾ ਦੀ ਇੱਕ ਨਵੀਂ ਲਹਿਰ ਦੌੜ ਪਈ ਸੀ। ਕੁਝ ਬਿਸਤਰੇ ਪੈਕ ਕਰ ਰਹੇ ਸਨ, ਕੁਝ ਕੱਪੜੇ ਬਦਲ ਰਹੇ ਸਨ। ਕੁਝ ਤਾਂਘ ਅਤੇ ਉਤਸੁਕਤਾ ਨਾਲ ਖਿੜਕੀ ਤੋਂ ਬਾਹਰ ਦੇਖ ਰਹੇ ਸਨ। ਹਰ ਕਿਸੇ ਦੇ ਦਿਲ ਦੀ ਧੜਕਨ ਤੇਜ਼ ਹੋ ਰਹੀ ਸੀ, ਹਰ ਇਕ ਵਿਅਕਤੀ ਆਉਣ ਵਾਲੇ ਸੁੰਦਰ ਪਲਾਂ ਦੀ ਉਡੀਕ ਕਰ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਉਹ ਹੁਣ ਕੁਝ ਹੀ ਪਲਾਂ ਵਿਚ ਅਪਣੀ ਮੰਜ਼ਿਲ 'ਤੇ ਪਹੁੰਚ ਜਾਵੇਗਾ।

ਪਰ ਅਚਾਨਕ ਇੱਕ ਜ਼ੋਰਦਾਰ ਧਮਾਕਾ ਹੋਇਆ। ਐਕਸਪ੍ਰੈਸ ਟ੍ਰੇਨ ਯਾਰਡ ਵਿੱਚ ਖੜੀ ਦੂਜੀ ਟ੍ਰੇਨ ਨਾਲ ਟਕਰਾ ਗਈ। ਇਸ ਤੋਂ ਬਾਅਦ ਜੋ ਵਾਪਰਿਆ ਉਸਦੀ ਕਲਪਨਾ ਕਰਨਾ ਵੀ ਆਸਾਨ ਨਹੀਂ ਹੈ, ਖੁਸ਼ੀਆਂ ਅਚਾਨਕ ਦੁੱਖ ਵਿੱਚ ਬਦਲ ਗਈਆਂ। ਜ਼ਿੰਦਗੀਆਂ ਮੌਤ ਦੀ ਗੋਦ ਵਿੱਚ ਸੌਂ ਗਈਆਂ, ਉਮੀਦਾਂ ਦੇ ਮਹਿਲ ਦੀ ਹਰ ਇੱਟ ਡਿੱਗ ਪਈ। ਇੱਕ ਕਹਾਣੀ ਜਿਸਦਾ ਅੰਤ ਸੁਖਾਂਤਕ ਹੋਣਾ ਸੀ, ਅਚਾਨਕ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਦੁਖਾਂਤ ਵਿੱਚ ਬਦਲ ਗਈ।

ਇਹੀ ਜ਼ਿੰਦਗੀ ਦਾ ਸੱਚ ਹੈ। ਅਣਗਿਣਤ ਕੋਸ਼ਿਸ਼ਾਂ ਤੋਂ ਬਾਅਦ ਇਨਸਾਨ ਮਜ਼ਬੂਤ ਆਰਥਿਕ ਜੀਵਨ ਬਣਾਉਂਦਾ ਹੈ। ਉਹ ਆਪਣੇ ਹੌਸਲਿਆਂ ਰਾਹੀਂ ਇੱਕ ਸਫਲ ਜੀਵਨ ਦਾ ਬੁਰਜ ਖੜ੍ਹਾ ਕਰਦਾ ਹੈ। ਪਰ ਠੀਕ ਉਸੇ ਪਲ, ਮੌਤ ਉਸਦੇ ਸਾਹਮਣੇ ਆ ਖੜ੍ਹੀ ਹੁੰਦੀ ਹੈ। ਆਪਣੇ ਘਰ ਵਿੱਚ ਸੋਨਾ (ਤੇ ਹੋਰ ਕੀਮਤੀ ਪਦਾਰਥ) ਛੱਡ ਕੇ ਉਹ ਕਬਰ ਵਿੱਚ ਜਾ ਲੇਟਦਾ ਹੈ। ਉਸਦਾ ਸੁਹਣਾ ਸਰੀਰ ਮਿੱਟੀ ਅਤੇ ਕੀੜਿਆਂ ਦੀ ਭੇਟ ਚੜ੍ਹ ਜਾਂਦਾ ਹੈ। ਉਸਦੀ ਮਿਹਨਤ ਨਾਲ ਉਸਰਿਆ ਘਰ-ਬਾਰ, ਸ਼ਾਨੋ-ਸ਼ੌਕਤ ਆਦਿ ਸਾਰਾ ਕੁਝ ਉਸ ਤੋਂ ਇਸ ਤਰ੍ਹਾਂ ਵੱਖ ਹੋ ਜਾਂਦਾ ਹੈ ਜਿਵੇਂ ਉਸਦੇ ਅਤੇ ਪਦਾਰਥਾਂ ਵਿਚਕਾਰ ਕਦੇ ਕੋਈ ਸਬੰਧ ਹੀ ਨਾ ਹੋਵੇ।

ਮਹਿਲ ਦਾ ਸੁਪਨਾ ਦੇਖਣ ਵਾਲੇ ਨੂੰ ਕਬਰ ਵਿੱਚ ਦਾਖਲ ਹੋਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ ਅਤੇ ਕਬਰ ਰਾਹੀਂ ਉਹ ਹਸ਼ਰ (ਕਿਆਮਤ) ਦੇ ਮੈਦਾਨ ਵਿੱਚ ਪਹੁੰਚ ਜਾਂਦਾ ਹੈ। ਇਹ ਦੂਜੀ ਦੁਨੀਆ ਉਸਦੀਆਂ ਇੱਛਾਵਾਂ ਦੀ ਦੁਨੀਆਂ ਤੋਂ ਬਿਲਕੁਲ ਵੱਖਰੀ ਹੁੰਦੀ ਹੈ। ਇੱਥੇ ਉਹ ਇੰਨਾ ਬੇਸਹਾਰਾ ਹੁੰਦਾ ਹੈ ਕਿ ਉਸਦੇ ਸਰੀਰ ’ਤੇ ਕੋਈ ਕੱਪੜਾ ਵੀ ਨਹੀਂ ਹੁੰਦਾ। ਉਸਦੀ ਸਾਰੀ ਕਮਾਈ ਉਸ ਤੋਂ ਵੱਖ ਹੋ ਜਾਂਦੀ ਹੈ। ਉਸਦੇ ਸਾਥੀ ਉਸ ਤੋਂ ਵਿੱਛੜ ਜਾਂਦੇ ਹਨ। ਉਸਦੀ ਤਾਕਤ, ਉਸਦੀ ਸ਼ਕਤੀ, ਉਸ ਤੋਂ ਜੁਦਾ ਹੋ ਜਾਂਦੇ ਹਨ। ਦੁਨੀਆ ਵਿੱਚ ਉਹ ਚੀਜ਼ਾਂ ਜਿਨ੍ਹਾਂ ’ਤੇ ਉਸਨੂੰ ਅਹੰਕਾਰ ਸੀ, ਉਨ੍ਹਾਂ ਵਿਚੋਂ ਕੋਈ ਵੀ ਉਸਦਾ ਸਾਥ ਦੇਣ ਲਈ ਮੌਜੂਦ ਨਹੀਂ ਸੀ।

ਉਹ ਯਾਤਰਾ ਕਿੰਨੀ ਅਜੀਬ ਜਾਂ ਭਿਆਨਕ ਹੈ, ਜੋ ਆਪਣੇ ਅੰਤ ਜਾਂ ਮੰਜ਼ਿਲ ਦੇ ਬਿਲਕੁਲ ਨਜ਼ਦੀਕ ਪਹੁੰਚ ਕੇ ਹਾਦਸੇ ਵਿੱਚ ਬਦਲ ਜਾਂਦੀ ਹੈ।

# ਕਬਰ ਨਹੀਂ ਦਰਵਾਜ਼ਾ

“ਹਾਫਿਜ਼ ਜੀ ਦੇ ਪੁੱਤਰ ਦਾ ਦੇਹਾਂਤ ਹੋ ਗਿਆ ਹੈ। ਜਨਾਜ਼ੇ ਦੀ ਨਮਾਜ਼ ਤਿਆਰ ਹੈ। ਮੈਂ ਤੁਹਾਨੂੰ ਬੁਲਾਉਣ ਆਇਆ ਹਾਂ।” ਇਹ ਸੁਣਦੇ ਹੀ ਮੈਂ ਕਿਤਾਬ ਬੰਦ ਕੀਤੀ ਅਤੇ ਉਹਨਾਂ ਦੇ ਨਾਲ ਰਵਾਨਾ ਹੋ ਗਿਆ।

ਕਬਰਸਤਾਨ ਪਹੁੰਚਿਆ ਤਾਂ ਮੇਰੇ ਇਲਾਵਾ ਕੁਝ ਕੁ ਲੋਕ ਹੋਰ ਖੜ੍ਹੇ ਸਨ। ਗਿਣਤੀ ਕੀਤੀ ਤਾਂ ਛੋਟੇ-ਵੱਡੇ ਮਿਲਾਕੇ ਸਿਰਫ਼ ਸਤਾਰਾਂ ਲੋਕ ਸਨ, ਜਿਨ੍ਹਾਂ ਵਿੱਚ ਮ੍ਰਿਤਕ ਦੇ ਆਪਣੇ ਘਰ ਦੇ ਲੋਕ ਵੀ ਸ਼ਾਮਲ ਸਨ। ਮੈਨੂੰ ਇੱਕ ਮਹੀਨਾ ਪਹਿਲਾਂ ਦੀ ਗੱਲ ਯਾਦ ਆਈ ਜਦੋਂ ਸੇਠ ਫ਼ਜ਼ਲ ਅਲੀ ਦੇ ਇੱਕ ਰਿਸ਼ਤੇਦਾਰ ਦਾ ਜਨਾਜ਼ਾ ਇਸ ਕਬਰਸਤਾਨ ਵਿੱਚ ਆਇਆ ਸੀ ਅਤੇ ਕਬਰਸਤਾਨ ਦੇ ਵਿਸ਼ੇਸ਼ ਹਿੱਸੇ ਵਿੱਚ ਦਫ਼ਨ ਹੋਇਆ ਸੀ, ਉਸ ਦਿਨ ਲੋਕਾਂ ਦੀ ਭੀੜ ਇੰਨੀ ਜ਼ਿਆਦਾ ਸੀ ਕਿ ਗਿਣਤੀ ਕਰਨਾ ਮੁਸ਼ਕਲ ਸੀ। ਇਉਂ ਲੱਗਦਾ ਸੀ ਜਿਵੇਂ ਬਸਤੀ ਦੀ ਸਾਰੀ ਮੁਸਲਿਮ ਆਬਾਦੀ ਕਬਰਸਤਾਨ ਵਿੱਚ ਆ ਇਕੱਠੀ ਹੋ ਗਈ ਹੋਵੇ।

ਮੇਰੇ ਪਹੁੰਚਣ ਦੇ ਕੁਝ ਮਿੰਟ ਬਾਅਦ ਮੁਹੱਲੇ ਦੇ ਇਮਾਮ ਸਾਹਿਬ ਜਨਾਜ਼ੇ ਦੀ ਨਮਾਜ਼ ਪੜ੍ਹਾਉਣ ਲਈ ਖੜ੍ਹੇ ਹੋਏ ਤੇ ਮੈਂ ਵੀ ਕਤਾਰ ਵਿੱਚ ਸ਼ਾਮਲ ਹੋ ਕੇ ਨੀਅਤ ਬੰਨ੍ਹ ਲਈ। ਪਰ ਇਮਾਮ ਸਾਹਿਬ ਨੇ ਇੰਨੀ ਤੇਜ਼ੀ ਨਾਲ ਨਮਾਜ਼ ਪੜ੍ਹਾਈ ਕਿ ਮੈਂ ਕੋਈ ਦੁਆ ਵੀ ਢੰਗ ਨਾਲ ਪੂਰੀ ਨਾ ਪੜ੍ਹ ਸਕਿਆ। ਬਸ ਜਲਦੀ-ਜਲਦੀ ਚਾਰ ਵਾਰੀ 'ਅੱਲਾ-ਹੁ-ਅਕਬਰ' ਦੀ ਆਵਾਜ਼ ਆਈ ਅਤੇ ਥੋੜ੍ਹੀ ਦੇਰ ਬਾਅਦ ਉਹਨਾਂ ਨੇ ਸਲਾਮ ਫੇਰ ਦਿੱਤਾ। ਲੋਕ ਆਪਣੇ ਜੁੱਤੇ ਪਾ ਕੇ ਇਸ ਤਰ੍ਹਾਂ ਖੜ੍ਹੇ ਹੋ ਗਏ ਜਿਵੇਂ 'ਜਨਾਜ਼ੇ ਦੀ ਨਮਾਜ਼' ਦੇ ਨਾਮ 'ਤੇ ਜੋ ਫਰਜ਼ ਬਣਦਾ ਸੀ, ਉਹ ਪੂਰਾ ਕਰ ਦਿੱਤਾ ਹੋਵੇ।

ਕਬਰ ਨੇੜੇ ਹੀ ਸੀ। ਉੱਥੇ ਪਹੁੰਚੇ ਤਾਂ ਪਤਾ ਲੱਗਾ ਕਿ ਅਜੇ ਕਬਰ ਖੋਦੀ ਜਾ ਰਹੀ ਹੈ। ਲੋਕ ਦੋ-ਦੋ, ਚਾਰ-ਚਾਰ ਕਰਕੇ ਇੱਧਰ-ਉੱਧਰ ਖੜ੍ਹ ਗਏ। ਕੋਈ ਸੰਪਰਦਾਇਕ ਬਰਬਰਤਾ (ਜ਼ਬਰ-ਜ਼ੁਲਮ) ਦੀ ਦਾਸਤਾਨ ਸੁਣਾਉਣ ਲੱਗਾ। ਕਿਸੇ ਨੇ ਮੌਸਮ ਦੀ ਕ੍ਰੋਪੀ ਦਾ ਜ਼ਿਕਰ ਛੇੜ ਦਿੱਤਾ। ਕੋਈ ਬਾਜ਼ਾਰ ਦੇ ਭਾਵਾਂ ਬਾਰੇ ਆਪਣੀ ਜਾਣਕਾਰੀ ਦੇਣ ਲੱਗਾ। ਭਾਵ, ਇੱਧਰ-ਉੱਧਰ ਦੀਆਂ ਗੱਲਾਂ ਸ਼ੁਰੂ ਹੋ ਗਈਆਂ।

ਮੈਂ ਕਬਰ ਦੇ ਸਾਹਮਣੇ ਖਾਮੋਸ਼ ਖੜ੍ਹਾ ਸੀ। ਮੇਰੇ ਮਨ ਵਿੱਚ ਉਹ ਗੱਲਾਂ ਅਤੇ ਹਦੀਸਾਂ ਘੁੰਮ ਰਹੀਆਂ ਸਨ, ਜਿਨ੍ਹਾਂ ਵਿੱਚ ਕਿਆਮਤ, ਹਸ਼ਰ, ਜੰਨਤ ਅਤੇ ਦੋਜ਼ਖ਼ ਵਗੈਰਾ ਦੇ ਹਾਲ ਬਿਆਨ ਕੀਤੇ ਗਏ ਹਨ। ਇਉਂ ਲੱਗਦਾ ਸੀ ਜਿਵੇਂ ਕਬਰ ਇੱਕ ਖੁੱਲ੍ਹਾ ਦਰਵਾਜ਼ਾ ਹੈ, ਜਿਸਦੇ ਸਾਹਮਣੇ ਖੜ੍ਹ ਕੇ ਮੈਂ ਦੂਜੀ ਦੁਨੀਆ ਦੇ ਨਜ਼ਾਰੇ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਹਾਂ। ਲੋਕ ਮੌਜੂਦਾ ਦੁਨੀਆ ਵਿਚ ਉਲਝੇ ਹੋਏ ਹਨ ਜਦਕਿ ਅਸਲ ਮਸਲਾ ਉਹ ਹੈ ਜੋ ਮੌਤ ਦੇ ਬਾਅਦ

ਸਾਹਮਣੇ ਆਉਣ ਵਾਲਾ ਹੈ। ਕਾਸ਼ ਲੋਕਾਂ ਨੂੰ ਪਤਾ ਹੁੰਦਾ ਕਿ ਉਹ ਇਸ ਵੇਲੇ ਕਿਸ ਸਥਿਤੀ ਦੇ ਵਿਚਕਾਰ ਖੜ੍ਹੇ ਹਨ। ਇਹ ਇੱਕ ਇਨਸਾਨ ਦੀ ਅਸਥਾਈ ਜ਼ਿੰਦਗੀ ਤੋਂ ਅਸਲੀ ਅਤੇ ਸਦੀਵੀ ਜ਼ਿੰਦਗੀ ਵੱਲ ਜਾਣ ਦੀ ਵਿਦਾਈ ਮਜਲਿਸ ਹੈ। ਇਹ ਕਬਰ ਜੋ ਸਾਡੇ ਸਾਹਮਣੇ ਖੋਦੀ ਜਾ ਰਹੀ ਹੈ, ਇਹ ਕਬਰ ਨਹੀਂ ਸਗੋਂ ਇੱਕ ਦਰਵਾਜ਼ਾ ਹੈ, ਜੋ ਇੱਕ ਸ਼ਖ਼ਸ ਨੂੰ ਦੂਜੀ ਦੁਨੀਆ ਵਿੱਚ ਦਾਖ਼ਲ ਕਰਨ ਲਈ ਖੋਲਿਆ ਗਿਆ ਹੈ। ਜਾਣ ਵਾਲਾ ਇਸ ਦਰਵਾਜ਼ੇ ਵਿੱਚ ਕਦਮ ਰੱਖਦੇ ਹੀ ਉਸ ਪਾਰ (ਅਗੰਮੀ ਦੁਨੀਆ) ਚਲਾ ਜਾਵੇਗਾ।

ਜਦ ਵੀ ਕੋਈ ਇਨਸਾਨ ਮਰਦਾ ਹੈ, ਉਹ ਇੱਕ ਖ਼ਾਸ ਵਕਤ ਹੁੰਦਾ ਹੈ। ਉਸ ਵੇਲੇ ਜਿਵੇਂ ਥੋੜ੍ਹੀ ਦੇਰ ਲਈ ਉਸ ਦੁਨੀਆ ਦਾ ਦਰਵਾਜ਼ਾ ਖੋਲ੍ਹ ਦਿੱਤਾ ਜਾਂਦਾ ਹੈ ਜੋ ਸਾਡੀਆਂ ਨਿਗਾਹਾਂ ਤੋਂ ਪਰੇ ਹੈ। ਜੇ ਦੇਖਣ ਵਾਲੀ ਅੱਖ ਹੋਵੇ ਤਾਂ ਉਸ ਖੁੱਲ੍ਹੇ ਦਰਵਾਜ਼ੇ ਵਿਚੋਂ ਦੂਜੀ ਦੁਨੀਆ ਦੀ ਝਲਕ ਸਾਫ਼ ਦੇਖੀ ਜਾ ਸਕਦੀ ਹੈ, ਜਿੱਥੇ ਸਾਡੇ ਵਿਚੋਂ ਹਰ ਕਿਸੇ ਨੇ ਇੱਕ ਨਾ ਇੱਕ ਦਿਨ ਜਾਣਾ ਹੈ। ਪਰ ਅੱਜ ਦੀ ਦੁਨੀਆ ਦੇ ਨਜ਼ਾਰਿਆਂ ਨੇ ਲੋਕਾਂ ਦੀਆਂ ਨਿਗਾਹਾਂ ਨੂੰ ਐਨਾ ਉਲਝਾ ਦਿੱਤਾ ਹੈ ਕਿ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਖੜ੍ਹੇ ਹੋ ਕੇ ਵੀ ਲੋਕਾਂ ਨੂੰ ਉਸ ਪਾਰ ਦੀ ਕੋਈ ਚੀਜ਼ ਨਹੀਂ ਦਿਖਾਈ ਦਿੰਦੀ। ਉਹ ਸੱਚਾਈ ਅਤੇ ਹਕੀਕਤ ਦੇ ਬਿਲਕੁਲ ਨੇੜੇ ਖੜ੍ਹ ਕੇ ਵੀ ਉਸ ਤੋਂ ਅਣਜਾਣ ਰਹਿ ਜਾਂਦੇ ਹਨ।

# ਟੋਏ ਵਿਚ ਪੈਰ

ਮਿਸਟਰ ਪੀ.ਵੀ. ਵੇਂਕਟੇਸ਼ਵਰਨ ਇੱਕ ਸਰਕਾਰੀ ਸੰਸਥਾ ਵਿੱਚ ਚੀਫ਼ ਮਾਰਕੀਟਿੰਗ ਮੈਨੇਜਰ ਸਨ। 29 ਮਈ 1982 ਦੀ ਸ਼ਾਮ ਉਹ ਦਿੱਲੀ ਦੇ ਗੋਪਾਲ ਟਾਵਰ ਵਿੱਚ ਇੱਕ ਮੀਟਿੰਗ ਵਿੱਚ ਸ਼ਾਮਲ ਹੋਏ। ਅੱਠਵੀਂ ਮੰਜ਼ਿਲ ’ਤੇ ਮੀਟਿੰਗ ਖਤਮ ਕਰਕੇ ਜਦੋਂ ਉਹ ਦਫ਼ਤਰ ਤੋਂ ਬਾਹਰ ਨਿਕਲੇ ਤਾਂ ਬਿਜਲੀ ਜਾ ਚੁੱਕੀ ਸੀ। ਉਹ ਆਪਣੇ ਸਾਥੀਆਂ ਨਾਲ ਲਿਫ਼ਟ ਵੱਲ ਆਏ। ਲਿਫ਼ਟ ਦਾ ਦਰਵਾਜ਼ਾ ਖੁੱਲ੍ਹਾ ਦੇਖ ਕੇ ਉਹ ਸਮਝੇ ਕਿ ਲਿਫ਼ਟ ਆ ਗਈ ਹੈ, ਹਾਲਾਂਕਿ ਲਿਫਟ ਅਜੇ ਨੌਂਵੀਂ ਮੰਜ਼ਿਲ ’ਤੇ ਹੀ ਸੀ। ਮਿਸਟਰ ਵੇਂਕਟੇਸ਼ਵਰਨ ਲਿਫ਼ਟ ਦੇ ਦਰਵਾਜ਼ੇ ਵੱਲ ਵਧੇ। ਉਸ ਵੇਲੇ ਉਹ ਮੀਟਿੰਗ ਦੇ ਫੈਸਲਿਆਂ ਤੋਂ ਇੰਨਾ ਖੁਸ਼ ਸਨ ਕਿ ਉਹ

ਸਥਿਤੀ ਦੀ ਨਜ਼ਾਕਤ ਦਾ ਅੰਦਾਜ਼ਾ ਨਾ ਲਗਾ ਸਕੇ। ਉਹਨਾਂ ਨੇ ਪੈਰ ਲਿਫ਼ਟ ਵਿੱਚ ਰੱਖਿਆ, ਪਰ ਅੰਦਰ ਲਿਫਟ ਨਾ ਹੋਣ ਕਰਕੇ ਉਹ ਅੱਠਵੀਂ ਮੰਜ਼ਿਲ ਤੋਂ ਸਿੱਧੇ ਹੇਠਾਂ ਜਮੀਨ ’ਤੇ ਆ ਡਿੱਗੇ। ਉਹਨਾਂ ਦਾ ਨਿੱਜੀ ਡਾਕਟਰ ਨਾਲ ਸੀ, ਪਰ ਉਹ ਸਿਰਫ਼ ਇੰਨਾ ਹੀ ਕਹਿ ਸਕਿਆ ਕਿ ਹੇਠਾਂ ਉਤਰ ਕੇ ਉਹਨਾਂ ਦੀ ਲਾਸ਼ ਦੇਖੋ ਅਤੇ ਦੇਹਾਂਤ ਦੀ ਘੋਸ਼ਣਾ ਕਰੋ। ਮੌਤ ਵੇਲੇ ਉਹ 51 ਸਾਲ ਦੇ ਸਨ। (ਹਿੰਦੁਸਤਾਨ ਟਾਈਮਜ਼, 30 ਮਈ 1982)

ਮਿਸਟਰ ਵੇਂਕਟੇਸ਼ਵਰਨ ਬਹੁਤ ਕਾਮਯਾਬ ਅਫ਼ਸਰ ਸਨ। ਹਾਲ ਹੀ ਵਿੱਚ ਇੱਕ ਸਰਕਾਰੀ ਰਸਾਲੇ ਨੇ ਉਹਨਾਂ ਬਾਰੇ ਲਿਖਿਆ ਸੀ ਕਿ “ਇੱਕ ਹੁਸ਼ਿਆਰ ਸੈਨਿਕ ਅਧਿਕਾਰੀ, ਇਕ ਬਹਾਦਰ ਕਰਮਚਾਰੀ, ਇਕ ਗਿਆਨਵਾਨ ਅਤੇ ਤਜ਼ਰਬੇਕਾਰ ਪ੍ਰਬੰਧਕ, ਜਿਨ੍ਹਾਂ ਅੰਦਰ ਅੱਗ ਵਰਗੀ ਤਪਸ਼ ਤੇ ਦਿਮਾਗ਼ ਵਿੱਚ ਵਿਚਾਰਾਂ ਦਾ ਖਜ਼ਾਨਾ ਹੈ।” (A thoroughbred professional and a dashing innovative manager with fire in his belly and ideas in his mind, an astute general.)

ਦੁਨੀਆ ਦੇ ਨਜ਼ਰੀਏ ਨਾਲ ਇਹ ਇੱਕ ਵਿਲੱਖਣ ਮਾਮਲਾ ਸੀ, ਪਰ ਆਖ਼ਰਤ (ਪਰਲੋਕ) ਦੇ ਨਜ਼ਰੀਏ ਨਾਲ ਹਰ ਇਨਸਾਨ ਇਸੀ ਪ੍ਰਕਿਰਿਆ ਵਿੱਚ ਹੈ। ਹਰੇਕ ਇਨਸਾਨ ਅਕਲਮੰਦੀ, ਜੋਸ਼ ਅਤੇ ਕਾਮਯਾਬੀ ਦੇ ਨਸ਼ੇ ਵਿੱਚ ਉਥੇ ਪੈਰ ਰੱਖ ਰਿਹਾ ਹੈ ਜਿਹੜਾ ਉਸਨੂੰ ਸਿੱਧਾ ਆਖ਼ਰਤ ਦੇ ਟੋਏ ਵਿੱਚ ਸੁੱਟਣ ਵਾਲਾ ਹੈ— ਕਿਸੇ ਨੂੰ ਬੇਇੱਜ਼ਤ ਕਰਨ ਵਾਲੇ ਸ਼ਬਦ ਕਹਿਣਾ, ਕਿਸੇ ਨੂੰ ਸਤਾਉਣ ਲਈ ਕਦਮ ਚੁੱਕਣਾ, ਕਿਸੀ ਦੇ ਖਿਲਾਫ ਜ਼ਿੱਦ ਅਤੇ ਬਦਲੇ ਦੀ ਭਾਵਨਾ ਨਾਲ ਕਾਰਵਾਈ ਕਰਨਾ, ਕਿਸੇ ਉੱਤੇ ਜ਼ੁਲਮ ਕਰਨਾ ਜਾਂ ਉਸ ਨਾਲ ਸਖ਼ਤੀ ਕਰਨੀ, ਕਿਸੀ ਨੂੰ ਆਪਣੇ ਜ਼ਬਰ ਅਤੇ ਤਾਕਤ ਦਾ ਨਿਸ਼ਾਨਾ ਬਣਾਉਣਾ, ਕਿਸੀ ਦਾ ਬੇਮਤਲਬ ਮਜ਼ਾਕ ਉਡਾਉਣਾ— ਇਹ ਸਭ ਅੱਠਵੀਂ ਮੰਜ਼ਿਲ ਤੋਂ ਲਿਫਟ ਵਾਲੀ ਖਾਲੀ ਜਗ੍ਹਾ ’ਤੇ ਪੈਰ ਰੱਖਣ ਵਰਗਾ ਹੈ। ਹਰ ਐਸਾ ਕਦਮ ਇਨਸਾਨ ਨੂੰ ਤਬਾਹੀ ਦੇ ਡੂੰਘੇ ਟੋਏ ਵੱਲ ਧੱਕ ਦਿੰਦਾ ਹੈ। ਉਸ ਤੋਂ ਬਾਅਦ ਨਾ ਉਸਦੇ ਸਾਥੀ ਉਸਨੂੰ ਬਚਾ ਸਕਦੇ ਹਨ ਅਤੇ ਨਾ ਉਸਦੀ ਖੁਸ਼ਫ਼ਹਮੀ ਉਸਦੀ ਮਦਦ ਕਰਦੀ ਹੈ। ਜਿਹੜਾ ਇਨਸਾਨ ਵੀ ਇਹ ਸਮਝਦਾ ਹੈ ਕਿ ਉਹ ਮਜ਼ਬੂਤ ਅਤੇ ਸੁਰੱਖਿਅਤ ਤਖ਼ਤੇ ’ਤੇ ਖੜ੍ਹਾ ਹੈ, ਉਹ ਹੋਰ ਕੁਝ ਨਹੀਂ ਸਿਰਫ ਟੋਏ ਵਿਚ ਪੈਰ ਰੱਖ ਰਿਹਾ ਹੈ।

# ਇਨਸਾਨ ਦੀ ਤ੍ਰਾਸਦੀ

ਡਾ. ਉੱਤਮ ਪ੍ਰਕਾਸ਼ (1928–1982) ਭਾਰਤ ਦੇ ਮਸ਼ਹੂਰ ਸਰਜਨ ਸਨ। ਉਹ ਅਖਿਲ ਭਾਰਤੀ ਆਯੁਰਵਿਗਿਆਨ ਸੰਸਥਾਨ (ਏਮਿਸ਼) ਵਿੱਚ ਸਰਜਰੀ ਵਿਭਾਗ ਦੇ ਮੁਖੀ ਸਨ। ਉਹ ਪਦਮ ਭੂਸ਼ਣ ਨਾਲ ਸਨਮਾਨਿਤ ਸਨ। 17 ਫਰਵਰੀ ਨੂੰ ਦਿੱਲੀ ਵਿੱਚ ਵਿਸ਼ਵ ਸਰਜਰੀ ਕਾਂਗਰਸ ਹੋਣੀ ਸੀ, ਜਿਸਦੀ ਪ੍ਰਧਾਨਗੀ ਉਹਨਾਂ ਦੁਆਰਾ ਕੀਤੀ ਜਾਣੀ ਸੀ। ਪਰ 14 ਫਰਵਰੀ ਨੂੰ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਅਤੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਹਨਾਂ ਦਾ ਦੇਹਾਂਤ ਹੋ ਗਿਆ। ਉਸ ਸਮੇਂ ਉਹਨਾਂ ਦੀ ਉਮਰ 54 ਸਾਲ ਸੀ।

ਸਰਜਰੀ ਉੱਤੇ ਹੋਣ ਵਾਲੀ ਵਿਸ਼ਵ ਕਾਂਗਰਸ ਉਹਨਾਂ ਦੀ ਸ਼ਖ਼ਸੀਅਤ ਨੂੰ ਹੋਰ ਉਚਾਈਆਂ ’ਤੇ ਲੈ ਜਾਣ ਵਾਲੀ ਸੀ। ਇਸ ਲਈ ਉਹ ਇਸ ਦੀ ਤਿਆਰੀ ਵਿੱਚ ਵਿਸ਼ੇਸ਼ ਦਿਲਚਸਪੀ ਲੈ ਰਹੇ ਸਨ। ਉਹਨਾਂ ਨੇ ਰਾਸ਼ਟਰਪਤੀ ਸੰਜੀਵਾ ਰੈੱਡੀ ਨੂੰ ਕਾਂਗਰਸ ਦਾ ਉਦਘਾਟਨ ਕਰਨ ਲਈ ਰਾਜ਼ੀ ਕਰ ਲਿਆ ਸੀ। ਪਰ ਜਦੋਂ ਸਾਰੀ ਤਿਆਰੀ ਮੁਕੰਮਲ ਹੋ ਗਈ ਤਾਂ ਰਾਸ਼ਟਰਪਤੀ ਭਵਨ ਦੇ ਦਫਤਰ ਨੇ ਸੂਚਿਤ ਕੀਤਾ ਕਿ ਰਾਸ਼ਟਰਪਤੀ ਤਦ ਹੀ ਸ਼ਾਮਲ ਹੋ ਸਕਣਗੇ ਜੇਕਰ ਕੇਂਦਰੀ ਸਿਹਤ ਮੰਤਰੀ ਵੀ ਉਥੇ ਹਾਜ਼ਰ ਹੋਣ। ਸਰਕਾਰੀ ਪ੍ਰੋਟੋਕੋਲ ਅਨੁਸਾਰ ਇਹ ਲਾਜ਼ਮੀ ਪੜਾਅ ਸੀ।

ਡਾ. ਪ੍ਰਕਾਸ਼ ਨੇ ਇਸ ਸੂਚਨਾ ਤੋਂ ਪਹਿਲਾਂ ਸਿਹਤ ਮੰਤਰੀ ਨੂੰ ਬੁਲਾਉਣ ਦੀ ਯੋਜਨਾ ਨਹੀਂ ਬਣਾਈ ਸੀ। ਪਰ ਹੁਣ ਪ੍ਰੋਟੋਕੋਲ ਦਾ ਮਾਣ ਰੱਖਦਿਆਂ ਸਿਹਤ ਮੰਤਰੀ ਨੂੰ ਸੱਦਾ ਦੇਣਾ ਲਾਜ਼ਮੀ ਸੀ। ਜਦੋਂ ਉਹ ਸਿਹਤ ਮੰਤਰੀ ਦੇ ਦਫ਼ਤਰ ਗਏ, ਤਾਂ ਇਕ ਹੋਰ ਰੁਕਾਵਟ ਪੈਦਾ ਹੋ ਗਈ। ਸਿਹਤ ਮੰਤਰੀ ਇਜਲਾਸ ਵਿੱਚ ਆਉਣ ਲਈ ਤਿਆਰ ਨਹੀਂ ਸਨ, ਕਿਉਂਕਿ ਉਥੇ ਸ਼ਿਰਕਤ ਕਰਨਾ ਮਰਿਆਦਾ ਦੇ ਉਲਟ ਹੈ ਜਿਥੇ ਪਹਿਲਾਂ ਉਹਨਾਂ ਦਾ ਨਾਮ ਸ਼ਾਮਲ ਨਾ ਹੋਵੇ। ਇਹ ਸਦਮਾ ਡਾ. ਪ੍ਰਕਾਸ਼ ਲਈ ਇੰਨਾ ਮਹਿੰਗਾ ਤੇ ਦੁੱਖਦਾਈ ਸਾਬਤ ਹੋਇਆ ਕਿ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਉਹਨਾਂ ਨੂੰ ਦਿਲ ਦਾ ਸਖ਼ਤ ਦੌਰਾ ਪਿਆ ਅਤੇ ਉਹ ਦੁਨੀਆ ਤੋਂ ਰੁਖ਼ਸਤ ਹੋ ਗਏ। ਕੋਈ ਵੀ ਇਨਸਾਨ ਨਿਰਧਾਰਿਤ ਸਮੇਂ ਤੋਂ

ਪਹਿਲਾਂ ਨਹੀਂ ਮਰਦਾ। ਪਰ ਇੱਕ ਅਖਬਾਰ (ਹਿੰਦੁਸਤਾਨ ਟਾਈਮਜ਼, 16 ਫਰਵਰੀ 1982) ਦੀ ਟਿੱਪਣੀ ਬਹੁਤ ਸਟੀਕ ਸੀ:

> "ਮੌਤ ਦੀ ਲੰਮੀ ਯਾਤਰਾ 'ਤੇ ਰਵਾਨਾ ਹੋਣ ਤੋਂ ਪਹਿਲਾਂ ਉਹ ਦਿੱਲੀ ਦੇ ਸਭ ਤੋਂ ਜ਼ਿਆਦਾ ਪਰੇਸ਼ਾਨ ਇਨਸਾਨ ਸਨ। (He was the most worried man in town before he took the long road.)"

ਅੱਜ ਇਨਸਾਨ ਮਾਨ-ਸਨਮਾਨ ਗੁਆ ਦੇਣ ਨੂੰ ਵੀ ਬਰਦਾਸ਼ਤ ਨਹੀਂ ਕਰ ਪਾਉਂਦਾ। ਫਿਰ ਆਉਣ ਵਾਲੀ ਦੁਨੀਆ ਵਿੱਚ ਉਸਦਾ ਕੀ ਹਾਲ ਹੋਵੇਗਾ, ਜਦੋਂ ਉਸਨੂੰ ਭੁੱਖ ਲੱਗੇਗੀ ਪਰ ਖਾਣ ਲਈ ਕੁਝ ਨਹੀਂ ਹੋਵੇਗਾ, ਪਿਆਸ ਲੱਗੇਗੀ ਪਰ ਪਾਣੀ ਨਹੀਂ ਮਿਲੇਗਾ, ਤੇਜ਼ ਧੁੱਪ ਵਿੱਚ ਝੁਲਸਦਾ ਹੋਵੇਗਾ ਪਰ ਕੋਈ ਛਾਂ ਨਹੀਂ ਮਿਲੇਗੀ। ਅਜ਼ਾਬ (ਮੁਸੀਬਤ) ਉਸਨੂੰ ਚਾਰੋਂ ਪਾਸਿਓਂ ਘੇਰ ਲਏਗਾ, ਪਰ ਮਦਦ ਲਈ ਕੋਈ ਨਹੀਂ ਹੋਵੇਗਾ। ਉਹ ਇਨਸਾਨ ਜੋ ਛੋਟੇ ਜਿਹੇ ਰੋੜੇ ਦੀ ਸੱਟ ਵੀ ਸਹਿ ਨਹੀਂ ਸਕਦਾ, ਉਸ ਉੱਤੇ ਮੁਸੀਬਤਾਂ ਦਾ ਪਹਾੜ ਟੁੱਟਣ ਵਾਲਾ ਹੈ।

# ਛੱਡਣ ਲਈ

ਬਰਤਾਨਵੀ ਸ਼ਾਸਨਕਾਲ ਵਿਚ ਭਾਰਤ ਦੀ ਰਾਜਧਾਨੀ ਕਲਕੱਤਾ ਸੀ। 1917 ਵਿੱਚ ਬਰਤਾਨੀਆ ਨੇ ਇਹ ਫ਼ੈਸਲਾ ਕੀਤਾ ਕਿ ਰਾਜਧਾਨੀ ਨੂੰ ਕਲਕੱਤਾ ਤੋਂ ਦਿੱਲੀ ਬਣਾ ਦਿੱਤਾ ਜਾਵੇ। ਅੰਗਰੇਜ਼ ਆਰਕੀਟੈਕਟ ਸਰ ਐਡਵਿਨ ਲੂਟਿਅਨਜ਼ (1869-1944) ਨੇ ਨਵੀਂ ਰਾਜਧਾਨੀ ਦਾ ਨਕਸ਼ਾ ਤਿਆਰ ਕੀਤਾ। 1913 ਵਿੱਚ ਪੁਰਾਣੀ ਦਿੱਲੀ ਦੇ ਦੱਖਣ ਵਿੱਚ ਰਾਇਸੀਨਾ ਪਹਾੜੀਆਂ ਦੇ ਇਲਾਕੇ ਵਿੱਚ ਨਿਰਮਾਣ ਸ਼ੁਰੂ ਹੋਇਆ। ਆਖ਼ਿਰਕਾਰ ਉਹ ਸ਼ਾਨਦਾਰ ਸ਼ਹਿਰ ਵਜੂਦ ਵਿੱਚ ਆਇਆ ਜਿਸਨੂੰ ਨਵੀਂ ਦਿੱਲੀ ਕਿਹਾ ਜਾਂਦਾ ਹੈ।

ਉਹ ਸਮਾਂ ਦੁਨੀਆ ਵਿੱਚ ਇੱਕ ਨਵੀਂ ਰਾਜਨੀਤਿਕ ਲਹਿਰ ਦਾ ਸਮਾਂ ਸੀ। ਕੌਮੀ ਅੰਦੋਲਨਾਂ ਦੀ ਲਹਿਰ ਉੱਠ ਰਹੀ ਸੀ। ਰਾਜਨੀਤਿਕ ਵਿਚਾਰਧਾਰਾਵਾਂ ਦੀ ਦੁਨੀਆ ਵਿਚ ਆਏ ਬਦਲਾਅ ਨੇ ਉਪਨਿਵੇਸ਼ੀ ਪ੍ਰਣਾਲੀ ਨੂੰ ਬੇਲੋੜੀ ਅਤੇ ਅਪ੍ਰਾਸੰਗਿਕ ਐਲਾਨ ਦਿੱਤਾ ਸੀ। ਭਾਰਤ ਵਿੱਚ ਆਜ਼ਾਦੀ ਅੰਦੋਲਨ ਤੇਜ਼ੀ ਨਾਲ

ਜ਼ੋਰ ਫੜ ਰਿਹਾ ਸੀ। ਸਪਸ਼ਟ ਹੋ ਗਿਆ ਸੀ ਕਿ ਬਰਤਾਨੀਆ ਦੀ ਹਕੂਮਤ ਹੁਣ ਬਹੁਤ ਲੰਮੇਂ ਸਮੇਂ ਤੱਕ ਰਹਿਣ ਵਾਲੀ ਨਹੀਂ ਹੈ।

ਨਵੀਂ ਦਿੱਲੀ ਦੇ ਨਿਰਮਾਣ ਦੇ ਕੁਝ ਸਮੇਂ ਬਾਅਦ ਫਰਾਂਸ ਦੇ ਇੱਕ ਨੇਤਾ ਨੇ ਭਾਰਤ ਦਾ ਦੌਰਾ ਕੀਤਾ। ਜਦੋਂ ਉਹ ਨਵੀਂ ਦਿੱਲੀ ਪਹੁੰਚੇ ਅਤੇ ਇਸ ਨਵ-ਨਿਰਮਿਤ ਸ਼ਾਨਦਾਰ ਰਾਜਧਾਨੀ ਨੂੰ ਦੇਖਿਆ ਤਾਂ ਆਪਣਾ ਮਤ ਰੱਖਦੇ ਹੋਰੇ ਬੋਲੇ:

> "What a magnificent world they built to leave." (ਇਨ੍ਹਾਂ ਨੇ ਕੈਸੀ ਸ਼ਾਨਦਾਰ ਦੁਨੀਆ ਬਣਾਈ ਹੈ, ਸਿਰਫ਼ ਇਸ ਲਈ ਕਿ ਇਹ ਇਸਨੂੰ ਛੱਡ ਜਾਣ।)

ਇਹ ਸਿਰਫ਼ ਬਰਤਾਨੀਆ ਦੀ ਕਹਾਣੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੀ ਕਹਾਣੀ ਹੈ। ਇਥੇ ਹਰੇਕ ਇਨਸਾਨ ਖ਼ਾਹਿਸ਼ਾਂ ਅਤੇ ਆਸਾਂ ਨਾਲ ਦੁਨੀਆ ਵਿੱਚ ਦਾਖ਼ਲ ਹੁੰਦਾ ਹੈ। ਆਪਣੀ ਸਾਰੀ ਤਾਕਤ ਤੇ ਵਿੱਤ ਨਾਲ ਉਹ ਆਪਣਾ ਇੱਕ "ਸ਼ਾਨਦਾਰ ਘਰ" ਬਣਾਉਂਦਾ ਹੈ। ਪਰ ਜਿਵੇਂ ਹੀ ਉਸ ਦੀਆਂ ਖ਼ਾਹਿਸ਼ਾਂ ਦਾ ਮਹਿਲ ਤਿਆਰ ਹੁੰਦਾ ਹੈ, ਮੌਤ ਦਾ ਫ਼ਰਿਸ਼ਤਾ ਉਸਦੇ ਦਰ 'ਤੇ ਆ ਖੜ੍ਹੋਂਦਾ ਹੈ ਅਤੇ ਉਸਨੂੰ ਉਸ ਦੀ ਅਣਥਕ ਮਿਹਨਤ ਨਾਲ ਬਣਾਈ ਦੁਨੀਆ ਤੋਂ ਵੱਖ ਕਰਕੇ ਉਥੇ ਪਹੁੰਚਾ ਦਿੰਦਾ ਹੈ, ਜਿਸਨੂੰ ਆਰਥਰ ਕੋਇਸਲਰ ਨੇ ਇਕ ਅਣਜਾਣ ਦੇਸ਼ 'ਨਕਨੋਨ ਛੋਨਟਰੇ' ਦਾ ਨਾਮ ਦਿੱਤਾ ਹੈ।

ਜੇ ਜ਼ਿੰਦਗੀ ਦੀ ਕਹਾਣੀ ਇੱਥੇ ਹੀ ਖ਼ਤਮ ਹੋ ਜਾਂਦੀ ਤਾਂ ਇਹ ਬਹੁਤ ਹੀ ਦਰਦਨਾਕ ਕਹਾਣੀ ਹੁੰਦੀ। ਪਰ ਜਿਵੇਂ ਇਸ ਦੁਨੀਆ ਦੀ ਹਰ ਚੀਜ਼ ਦਵੰਦ (ਜੋੜੇ) ਨਾਲ ਮੁਕੰਮਲ ਹੁੰਦੀ ਹੈ, ਤਿਵੇਂ ਇਸ ਦੁਨੀਆ ਦਾ ਜੋੜਾ ਆਖ਼ਿਰਤ (ਪਰਲੋਕ) ਹੈ। ਜੋ ਵਿਅਕਤੀ ਆਖ਼ਿਰਤ ਨੂੰ ਸਮਝ ਕੇ ਇਸ ਦੁਨੀਆ ਦੇ ਮੌਕਿਆਂ ਨੂੰ ਅਗਲੀ ਦੁਨੀਆ ਦੀ ਤਿਆਰੀ ਵਿੱਚ ਖਰਚ ਕਰੇ, ਉਸ ਲਈ ਇਹ ਦੁਨੀਆ ਇੱਕ ਉੱਚੀ ਜ਼ਿੰਦਗੀ ਦੀ ਕੀਮਤੀ ਪਉੜੀ ਬਣ ਜਾਂਦੀ ਹੈ।

ਆਖ਼ਿਰਤ ਤੋਂ ਬਿਨਾਂ ਇਨਸਾਨ ਦੀ ਜ਼ਿੰਦਗੀ ਸਿਰਫ਼ ਇੱਕ ਤ੍ਰਾਸਦੀ ਹੈ, ਪਰ ਜੇਕਰ ਆਖ਼ਿਰਤ ਨੂੰ ਜ਼ਿੰਦਗੀ ਨਾਲ ਜੋੜ ਲਿਆ ਜਾਵੇ ਤਾਂ ਇਹ ਤ੍ਰਾਸਦੀ ਕਾਮਯਾਬੀ ਵਿੱਚ ਬਦਲ ਜਾਂਦੀ ਹੈ।

# ਮੌਤ ਦਾ ਸਬਕ

ਇੱਕ ਮੁਲਜ਼ਮ ਨੂੰ ਦੱਸਿਆ ਗਿਆ ਕਿ ਅਦਾਲਤ ਨੇ ਉਸਦੇ ਖ਼ਿਲਾਫ਼ ਫ਼ੈਸਲਾ ਦੇ ਦਿੱਤਾ ਹੈ ਅਤੇ ਸਵੇਰੇ ਉਸਨੂੰ ਫਾਂਸੀ ਦਿੱਤੀ ਜਾਏਗੀ। ਹਾਲਾਂਕਿ ਫਾਂਸੀ ਅਗਲੇ ਦਿਨ ਦਿੱਤੀ ਜਾਣੀ ਸੀ, ਪਰ ਉਸਦਾ ਹਾਲ ਪਹਿਲਾਂ ਹੀ ਐਸਾ ਹੋ ਗਿਆ ਜਿਵੇਂ ਉਸਨੂੰ ਫਾਂਸੀ ਅੱਜ ਹੀ ਦਿੱਤੀ ਜਾ ਚੁੱਕੀ ਹੋਵੇ। ਜ਼ਿੰਦਗੀ ਉਸ ਲਈ ਵਿਅਰਥ ਤੇ ਬੇਮਾਇਨੇ ਹੋ ਗਈ। ਉਸਦਾ ਹੱਸਣਾ, ਬੋਲਣਾ ਸਭ ਖ਼ਤ ਮਹੋ ਗਿਆ। ਉਸਦੇ ਹੱਥ ਜੋ ਦੂਜਿਆਂ ਖਿਲਾਫ ਉੱਠਦੇ ਸਨ, ਹੁਣ ਕਿਸੇ ਉੱਤੇ ਉੱਠਣ ਦੇ ਕਾਬਲ ਨਾ ਰਹੇ। ਉਸਦੇ ਪੈਰ ਜੋ ਹਰ ਥਾਂ ਦੌੜਨ ਲਈ ਆਜ਼ਾਦ ਸਨ, ਹੁਣ ਉਹਨਾਂ ਵਿਚ ਇੰਨੀ ਤਾਕਤ ਵੀ ਨਾ ਰਹੀ ਕਿ ਤੁਰ ਕੇ ਕਿਧਰੇ ਜਾ ਸਕਣ।

ਮੌਤ ਦੱਸਦੀ ਹੈ ਕਿ ਹਰ ਇਨਸਾਨ ਦਾ ਮਾਮਲਾ ਇਹੀ ਹੈ। ਹਰ ਇਨਸਾਨ ਜੋ ਅੱਜ ਜ਼ਿੰਦਾ ਨਜ਼ਰ ਆਉਂਦਾ ਹੈ, ਕੱਲ੍ਹ ਉਸਨੂੰ ਵੀ “ਫਾਂਸੀ” ਦੇ ਦਿੱਤੀ ਜਾਵੇਗੀ। ਪਰ ਹਰ ਇਨਸਾਨ ਇਸ ਤੋਂ ਬੇਖ਼ਬਰ ਹੈ। ਹਰ ਕੋਈ ਆਪਣੇ ਅੱਜ ਵਿੱਚ ਗੁੰਮ ਹੈ, ਕਿਸੇ ਨੂੰ ਆਪਣੇ ਕੱਲ੍ਹ ਦੀ ਚਿੰਤਾ ਨਹੀਂ। ਇਥੇ ਹਰੇਕ ਇਨਸਾਨ “ਮੁਜਰਿਮ” ਹੈ, ਪਰ ਬਹੁਤ ਘੱਟ ਹਨ ਜਿਨ੍ਹਾਂ ਨੂੰ ਆਪਣੇ ਮੁਜਰਿਮ ਹੋਣ ਦਾ ਅਹਿਸਾਸ ਹੈ।

ਇਨਸਾਨ ਧਰਤੀ ’ਤੇ ਤੁਰਦਾ ਹੈ, ਵੇਖਦਾ ਹੈ, ਸੁਣਦਾ ਹੈ, ਆਪਣੀ ਸੰਪਤੀ ਅਤੇ ਸਾਥੀਆਂ ਦੇ ਵਿਚ ਵਿਚਰਦਾ ਹੈ। ਫਿਰ ਅਚਾਨਕ ਇਕ ਅਜੀਬ ਘਟਨਾ ਵਾਪਰਦੀ ਹੈ ਅਤੇ ਉਸਨੂੰ ਮੌਤ ਆ ਜਕੜਦੀ ਹੈ। ਉਸਦੇ ਤੁਰਦੇ ਕਦਮ ਰੁਕ ਜਾਂਦੇ ਹਨ, ਅੱਖਾਂ ਬੇਨੂਰ (ਅੰਨ੍ਹੀਆਂ) ਹੋ ਜਾਂਦੀਆਂ ਹਨ। ਉਹ ਆਪਣੀ ਹਰ ਚੀਜ਼ ਤੋਂ ਵਿਦਾ ਹੋ ਕੇ ਕਬਰ ਦੀ ਤਨਹਾਈ ਵਿੱਚ ਚਲਾ ਜਾਂਦਾ ਹੈ, ਜਿੱਥੇ ਉਹ ਕਿਸੇ ਹੋਰ ਦੀ ਹਕੂਮਤ ਮੰਨਣ ਲਈ ਮਜ਼ਬੂਰ ਹੁੰਦਾ ਹੈ।

ਇਨਸਾਨ ਜੇਕਰ ਇਸ ਸੱਚਾਈ ਨੂੰ ਯਾਦ ਰੱਖੇ ਤਾਂ ਉਸਦੀ ਜ਼ਿੰਦਗੀ ਬਿਲਕੁਲ ਬਦਲ ਜਾਵੇ। ਕਿਸੇ ਨੂੰ ਕਾਬੂ ਕਰਕੇ ਉਸਨੂੰ ਤਕਲੀਫ਼ ਦੇਣਾ ਖੁਦ ਨੂੰ ਮੂਰਖਤਾ ਪ੍ਰਤੀਤ ਹੋਵੇਗੀ। ਕਿਉਂਕਿ ਜੋ ਵਿਅਕਤੀ ਖੁਦ ਕੱਲ੍ਹ ਕਿਸੇ ਹੋਰ ਦੇ ਕਾਬੂ ਵਿੱਚ ਜਾਣ ਵਾਲਾ ਹੈ, ਉਹ ਕਿਸੇ ਨੂੰ ਤੰਗ ਕਰਕੇ ਕੀ ਪਾ ਲਵੇਗਾ?

ਆਪਣੇ ਆਪ ਨੂੰ ਵੱਡਾ ਸਮਝਣ ਵਿਚ ਵੀ ਸ਼ਰਮ ਆਵੇਗੀ। ਕਿਉਂਕਿ ਜੋ ਵੱਡਾਪਨ ਅੰਤ ਵਿੱਚ ਖੁਸ ਜਾਣ ਵਾਲਾ ਹੋਵੇ, ਉਸਦੀ ਅਸਲੀਅਤ ਕੀ ਹੈ ਤੇ ਉਸਦੀ ਮਿਆਦ ਕਿੰਨੀ ਹੋਵੇਗੀ?

# ਮੌਤ ਦਾ ਹਮਲਾ

ਸਿਕੰਦਰ-ਏ-ਆਜ਼ਮ (ਅਲੈਕਜ਼ੈਂਡਰ, 356-323 ਈ.ਪੂ.) ਯੂਨਾਨੀ ਬਾਦਸ਼ਾਹ ਫਿਲਿਪ ਦਾ ਪੁੱਤਰ ਸੀ। ਤਖ਼ਤ ਮਿਲਣ ਤੋਂ ਬਾਅਦ ਦਸ ਸਾਲਾਂ ਵਿੱਚ ਉਸਨੇ ਉਸ ਵੇਲੇ ਦੀ ਦਿੱਸਦੀ ਦੁਨੀਆ ਦਾ ਵੱਡਾ ਹਿੱਸਾ ਜਿੱਤ ਕੇ ਆਪਣੀ ਸੱਤਾ ਕਾਇਮ ਕਰ ਲਈ ਸੀ। ਮਿਸਰ ਦਾ ਸ਼ਹਿਰ ਐਲਿਗਜ਼ਾਂਡ੍ਰੀਆ ਉਸਦੀ ਮਿਸਰ ਜਿੱਤ ਦੀ ਯਾਦਗਾਰ ਵਜੋਂ ਅੱਜ ਵੀ ਮੌਜੂਦ ਹੈ। ਪਰ ਅੰਤ ਵਿੱਚ ਉਸਦਾ ਅੰਜਾਮ ਕੀ ਹੋਇਆ? ਉਹ ਇਰਾਕ ਦੇ ਪ੍ਰਾਚੀਨ ਸ਼ਹਿਰ ਬਾਬਲ ਦੇ ਇੱਕ ਮਹਲ ਵਿੱਚ ਬਿਲਕੁਲ ਉਸੀ ਬੇਬਸੀ ਨਾਲ ਮਰਿਆ, ਜਿਵੇਂ ਕੋਈ ਗਰੀਬ ਅਤੇ ਕਮਜ਼ੋਰ ਆਪਣੀ ਝੌਂਪੜੀ ਵਿੱਚ ਮਰਦਾ ਹੈ। ਉਸਦਾ ਵਿਸ਼ਾਲ ਸਮਰਾਜ ਉਸਦੀ ਮੌਤ ਤੋਂ ਬਾਅਦ ਉਸਦੇ ਤਿੰਨ ਫੌਜੀ ਅਫ਼ਸਰਾਂ ਵਿੱਚ ਵੰਡਿਆ ਗਿਆ, ਕਿਉਂਕਿ ਉਸਦਾ ਇਕਲੌਤਾ ਪੁੱਤਰ ਉਸਦੀ ਜੀਵਨ ਅਵਧੀ ਵਿਚ ਹੀ ਮਾਰਿਆ ਜਾ ਚੁੱਕਾ ਸੀ। ਉਸਨੇ ਜ਼ਿੰਦਗੀ ਵਿੱਚ ਜੋ ਕੁਝ ਚਾਹਿਆ, ਹਾਸਲ ਕਰ ਲਿਆ, ਪਰ ਅੰਤ ਵਿੱਚ ਖਾਲੀ ਹੱਥ ਦੁਨੀਆ ਤੋਂ ਚਲਾ ਗਿਆ।

ਸਿਕੰਦਰ ਦੀ ਮਹਾਨਤਾ ਇੰਨੀ ਸੀ ਕਿ ਜੂਲੀਅਸ ਸੀਜ਼ਰ ਜਦੋਂ ਸਪੇਨ ਵਿੱਚ ਉਸਦੀ ਮੂਰਤੀ ਦੇ ਸਾਹਮਣੋਂ ਲੰਘਿਆ ਤਾਂ ਉਹ ਜ਼ੋਰ-ਜ਼ੋਰ ਦੀ ਰੋਣ ਲੱਗ ਪਿਆ। ਉਹ ਕਹਿੰਦਾ ਕਿ ਸਿਕੰਦਰ ਨੇ ਕੇਵਲ ਦਸ ਸਾਲਾਂ ਦੀ ਅਵਧੀ ਵਿੱਚ ਜੋ ਕਰ ਵਿਖਾਇਆ, ਅਜੇ ਤਕ ਮੈਂ ਉਸਦਾ ਦਸਵਾਂ ਹਿੱਸਾ ਵੀ ਨਹੀਂ ਕਰ ਸਕਿਆ।

ਸਿਕੰਦਰ ਵਿਰੋਧ ਬਰਦਾਸ਼ਤ ਨਹੀਂ ਕਰਦਾ ਸੀ। ਉਸਦਾ ਮੰਨਣਾ ਸੀ ਕਿ ਵਿਰੋਧ ਦੇ ਆਰੰਭ ਹੁੰਦੇ ਸਾਰ ਹੀ ਉਸਨੂੰ ਤੁਰੰਤ ਕੁਚਲ ਦੇਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਉਸਦੀ ਅਸਾਧਾਰਣ ਜਿੱਤਾਂ ਦਾ ਰਾਜ ਉਸਦੀ ਬਿਜਲੀ ਵਰਗੀ ਰਫ਼ਤਾਰ ਸੀ। ਉਸਦੀ ਅਚਾਨਕ ਆ ਕੇ ਵੈਰੀ ਨੂੰ ਦਬੋਚ ਲੈਣ ਦੀ

ਸਮਰੱਥਾ ਦੁਨੀਆ ਦੇ ਵੱਡੇ-ਵੱਡੇ ਜਨਰਲਾਂ ਨਾਲੋਂ ਕਿਤੇ ਜ਼ਿਆਦਾ ਸੀ। ਪਰ ਜਦੋਂ ਮੌਤ ਆਈ, ਤਾਂ ਉਸਦੇ ਕੋਲ ਕੋਈ ਚਾਰਾ ਨਾ ਸੀ, ਸਿਵਾਏ ਆਪਣੇ-ਆਪ ਨੂੰ ਬੇਬਸੀ ਨਾਲ ਮੌਤ ਦੇ ਹਵਾਲੇ ਕਰਨ ਦੇ।

ਮੌਤ ਇਸ ਲਈ ਆਉਂਦੀ ਹੈ ਕਿ ਇਨਸਾਨ ਨੂੰ ਦੱਸੇ ਕਿ ਉਹ ਖ਼ੁਦਾ ਦੇ ਸਾਹਮਣੇ ਕਿੰਨਾ ਬੇਬਸ ਹੈ। ਇਨਸਾਨ ਹਰ ਰੋਜ਼ ਆਪਣੇ ਆਲੇ ਦੁਆਲੇ ਮੌਤ ਦੀਆਂ ਘਟਨਾਵਾਂ ਵੇਖਦਾ ਹੈ, ਪਰ ਉਸਤੋਂ ਕੋਈ ਸਬਕ ਨਹੀਂ ਲੈਂਦਾ। ਉਹ ਜ਼ਿੰਦਗੀ ਦੀ ਇਸ ਵੱਡੀ ਸੱਚਾਈ ਨੂੰ ਭੁੱਲਿਆ ਰਹਿੰਦਾ ਹੈ, ਇਥੋਂ ਤਕ ਕਿ ਮੌਤ ਆ ਕੇ ਉਸ ਦੇ ਹੱਥੋਂ ਸੋਚਣ ਜਾਂ ਸਬਕ ਲੈਣ ਤਕ ਦਾ ਮੌਕਾ ਵੀ ਖੋਹ ਲੈਂਦੀ ਹੈ। ਮੌਤ ਇਨਸਾਨ ਲਈ ਸਭ ਤੋਂ ਵੱਡਾ ਸਬਕ ਹੈ, ਪਰ ਇਨਸਾਨ ਮੌਤ ਤੋਂ ਸਭ ਤੋਂ ਘੱਟ ਸਬਕ ਸਿੱਖਦਾ ਹੈ। ਉਹ ਮੌਤ ਨੂੰ ਵੇਖ ਕੇ ਵੀ ਲਗਭਗ ਕੋਈ ਸਿੱਖਿਆ ਹਾਸਲ ਨਹੀਂ ਕਰਦਾ।

# ਆਉਣ ਵਾਲਾ ਤੂਫ਼ਾਨ

11 ਅਗਸਤ 1989 ਨੂੰ ਗੁਜਰਾਤ ਦੇ ਮੋਰੋਵੀ ਵਿੱਚ ਅਚਾਨਕ ਇੱਕ ਭਿਆਨਕ ਸੈਲਾਬ ਆ ਗਿਆ ਜਿਸ ਨੇ ਪੂਰੀ ਬੱਸਤੀ ਨੂੰ ਤਬਾਹ ਕਰ ਦਿੱਤਾ। ਬੱਸਤੀ ਦੇ ਕਿਨਾਰੇ ਇੱਕ ਵੱਡਾ ਡੈਮ ਸੀ। ਅਸਾਧਾਰਣ ਮੀਂਹ ਕਾਰਨ ਉਸ ਦਾ ਪਾਣੀ ਬਹੁਤ ਉੱਪਰ ਚੜ੍ਹ ਗਿਆ ਅਤੇ ਆਖਿਰਕਾਰ ਡੈਮ ਟੁੱਟ ਗਿਆ। ਇੱਕ ਖੋਜਕਾਰ ਜਾਂ ਚਸ਼ਮਦੀਦ ਗਵਾਹ ਅਨੁਸਾਰ "ਤਕਰੀਬਨ 20 ਫੁੱਟ ਉੱਚੀ ਪਾਣੀ ਦੀ ਲਹਿਰ ਇੰਨੀ ਤੇਜ਼ੀ ਨਾਲ ਬੱਸਤੀ ਅੰਦਰ ਦਾਖ਼ਲ ਹੋਈ ਕਿ ਕੋਈ ਵੀ ਇਸ ਤੋਂ ਬਚ ਨਾ ਸਕਿਆ।" ਕੁੱਝ ਘੰਟਿਆਂ ਵਿੱਚ ਇਹ ਤੂਫ਼ਾਨ ਸਾਰਾ ਕੁਝ ਤਬਾਹ ਕਰ ਕੇ ਚਲਾ ਗਿਆ। ਅਨੁਮਾਨ ਹੈ ਕਿ ਲਗਭਗ 25 ਹਜ਼ਾਰ ਲੋਕ ਇਸ ਸੈਲਾਬ ਵਿੱਚ ਮਾਰੇ ਗਏ, ਜਦਕਿ ਬੱਸਤੀ ਦੀ ਕੁੱਲ ਆਬਾਦੀ ਹੀ ਤਕਰੀਬਨ 40 ਹਜ਼ਾਰ ਸੀ। ਬਰਬਾਦੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹੋਰ ਡੋਨੇਸ਼ਨਾ ਤੋਂ ਇਲਾਵਾ ਸਿਰਫ ਕੇਂਦਰੀ ਸਰਕਾਰ ਨੇ ਹੀ ਮਦਦ ਵਜੋਂ ਪੰਜ ਕਰੋੜ ਰੁਪਏ ਗੁਜਰਾਤ ਸਰਕਾਰ ਨੂੰ ਦਿੱਤੇ ਸੀ।

ਇੱਕ ਅੰਗਰੇਜ਼ੀ ਅਖ਼ਬਾਰ ਦੇ ਰਿਪੋਰਟਰ ਅਰੁਣ ਕੁਮਾਰ ਨੇ ਜੋ ਚਸ਼ਮਦੀਦ

ਰਿਪੋਰਟ (ਹਿੰਦੁਸਤਾਨ ਟਾਈਮਜ਼, 19 ਅਗਸਤ 1989) ਪ੍ਰਕਾਸ਼ਿਤ ਕੀਤੀ, ਉਸ ਵਿੱਚ ਲਿਖਿਆ ਕਿ ਜਿਹੜੇ ਲੋਕ ਜ਼ਿੰਦਾ ਬਚੇ ਹਨ, ਹਰ ਇੱਕ ਦੇ ਪਾਸ ਦੱਸਣ ਲਈ ਇੱਕ ਦਰਦਨਾਕ ਕਹਾਣੀ ਹੈ। ਉਹਨਾਂ ਨੂੰ ਜੋ ਸਦਮਾ ਅਤੇ ਤਕਲੀਫ਼ ਪਹੁੰਚੀ ਹੈ, ਉਸ ਤੋਂ ਉਹ ਅਜੇ ਤੱਕ ਬਾਹਰ ਨਹੀਂ ਨਿਕਲ ਸਕੇ। ਕੁਝ ਦਾ ਤਾਂ ਇਹ ਹਾਲ ਹੈ ਕਿ ਉਹ ਆਪਣੀ ਵਿਵੇਕਸ਼ੀਲਤਾ ਤੇ ਸਮਝ ਹੀ ਗਵਾ ਬੈਠੇ ਹਨ, ਉਹ ਬਿਲਕੁਲ ਅਚੇਤ ਅਤੇ ਬੇਸੁੱਧ ਨਜ਼ਰ ਆਉਂਦੇ ਹਨ:

> Some have lost their speech and look absolutely dazed and blank.

ਇੱਕ ਹੋਰ ਖ਼ਬਰ ਵਿੱਚ ਦੱਸਿਆ ਗਿਆ ਕਿ ਇੱਕ ਤਬਾਹ ਹੋਏ ਜ਼ਿਮੀਂਦਾਰ ਨੂੰ ਉਸ ਵਕਤ ਬਹੁਤ ਖੁਸ਼ੀ ਹੋਈ ਜਦੋਂ ਸਰਕਾਰੀ ਅਧਿਕਾਰੀਆਂ ਨੇ ਉਸ ਨੂੰ 18 ਹਜ਼ਾਰ ਰੁਪਏ ਨਕਦ ਅਤੇ 225 ਗ੍ਰਾਮ ਸੋਨੇ ਦੇ ਗਹਿਣੇ ਇਹ ਕਹਿ ਕੇ ਦਿੱਤੇ ਕਿ ਇਹ ਉਸ ਦੇ ਘਰ ਤੋਂ ਬਰਾਮਦ ਹੋਏ ਹਨ (ਹਿੰਦੁਸਤਾਨ ਟਾਈਮਜ਼, 20 ਅਗਸਤ 1989)।

ਇਸ ਤਰ੍ਹਾਂ ਦੀਆਂ ਘਟਨਾਵਾਂ ਜੋ ਰੋਜ਼ ਇਸ ਧਰਤੀ ’ਤੇ ਵਾਪਰਦੀਆਂ ਹਨ, ਦਾ ਮੁੱਖ ਕਾਰਣ ਇਨਸਾਨ ਨੂੰ ਆਖ਼ਿਰਤ (ਪਰਲੋਕ ਗਮਨ) ਦੇ ਦਿਨ ਤੋਂ ਜਾਣੂੰ ਕਰਵਾਉਣਾ ਹੈ। ਆਖ਼ਿਰਤ ਦਾ ਭਿਅੰਕਰ ਸੈਲਾਬ ਵੀ ਅਚਨਚੇਤ ਆਵੇਗਾ। ਬਹੁਤ ਸਾਰੇ ਲੋਕ ਉਸ ਦਿਨ ਇਸ ਕਦਰ ਬਰਬਾਦ ਹੋਣਗੇ ਕਿ ਉਨ੍ਹਾਂ ਦੇ ਸ਼ਬਦਾਂ ਦੇ ਭੰਡਾਰ ਖਤਮ ਹੋ ਜਾਣਗੇ, ਜੋ ਖੁਦਾ ਵਲੋਂ ਹਰ ਇਨਸਾਨ ਨੂੰ ਬੇਅੰਤ ਰੂਪ ਵਿਚ ਦਿੱਤੇ ਗਏ ਹਨ। ਉਹਨਾਂ ਦੀਆਂ ਚਲਦੀਆਂ ਜ਼ਬਾਨਾਂ ਬੰਦ ਹੋ ਜਾਣਗੀਆਂ। ਉਹ ਡਰੀਆਂ ਹੋਈਆਂ ਨਿਗਾਹਾਂ ਨਾਲ ਆਪਣੀ ਖ਼ੌਫ਼ਨਾਕ ਬਰਬਾਦੀ ਦੇਖਣਗੇ ਅਤੇ ਇਕ ਸ਼ਬਦ ਨਹੀਂ ਬੋਲ ਸਕਣਗੇ। ਦੂਜੇ ਪਾਸੇ ਕੁਝ ਲੋਗ ਅਜਿਹੇ ਵੀ ਹੋਣਗੇ ਜਿਨ੍ਹਾਂ ਨੂੰ ਖੁਸ਼ਖਬਰੀ ਦਿੱਤੀ ਜਾਵੇਗੀ ਕਿ ਤਬਾਹੀ ਦੇ ਇਸ ਸੈਲਾਬ ਨੇ ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਹੈ। ਤੁਹਾਡੀ ਬੇਮਿਸਾਲ ਸੰਪਤੀ ਅੱਜ ਅੱਲਾਹ ਦੇ ਸਰਵੋਤਮ ਪੁਰਸਕਾਰਾਂ ਨਾਲ ਤੁਹਾਡੇ ਹਵਾਲੇ ਕੀਤੀ ਜਾਵੇਗੀ। ਇੱਕ ਹੀ ਸੈਲਾਬ ਕੁਝ ਲੋਕਾਂ ਨੂੰ ਜਹਨੁੰਮ ਵਲ ਤੌਰ ਦੇਵੇਗਾ ਅਤੇ ਕੁਝ ਲੋਕਾਂ ਲਈ ਜੰਨਤ ਦੀ ਸਥਾਈ ਖੁਸ਼ੀਆਂ ਵਿਚ ਪਰਵੇਸ਼ ਕਰਨ ਦਾ ਸਰੋਤ ਬਣ ਜਾਵੇਗਾ। ਸੈਲਾਬ ਤੋਂ ਪਹਿਲਾਂ ਇਨਸਾਨ ਦਾ ਹਾਲ ਇਹ ਹੁੰਦਾ ਹੈ ਕਿ ਉਹ ਆਪਣੀ ਹਰ ਗਲਤੀ ਨੂੰ ਸਹੀ ਸਾਬਤ ਕਰਨ ਲਈ ਸ਼ਾਨਦਾਰ ਸ਼ਬਦ

ਭੰਡਾਰ ਇੱਕਠਾ ਕਰ ਲੈਂਦਾ ਹੈ। ਪਰ ਜਿਵੇਂ ਹੀ ਸੈਲਾਬ ਦੀ ਬਰਬਾਦੀ ਸਾਹਮਣੇ ਆਉਂਦੀ ਹੈ ਉਸ ਕੋਲ ਇਕੱਤਰ ਸਾਰੇ ਸ਼ਬਦ ਖਤਮ ਹੋ ਜਾਂਦੇ ਹਨ, ਜਿਹਨਾਂ ਨਾਲ ਉਹ ਆਪਣੀ ਸਫਾਈ ਪੇਸ਼ ਕਰ ਸਕੇ।

# ਦੁਨੀਆ ਦੀ ਹਕੀਕਤ

ਮਿਸਟਰ ਆਰ.ਐਨ. ਪਾਂਡੇ (35 ਸਾਲ) ਹਿੰਦੁਸਤਾਨੀ ਫੌਜ ਵਿੱਚ ਸੈਕੰਡ ਲੈਫ਼ਟੀਨੈਂਟ ਸਨ। 12 ਨਵੰਬਰ 1983 ਨੂੰ ਉਹ ਜੰਮੂ-ਤਵੀ ਐਕਸਪ੍ਰੈਸ ’ਤੇ ਸਵਾਰ ਹੋਏ। ਕੁਝ ਹੀ ਦੇਰ ਵਿੱਚ ਉਹਨਾਂ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਰੇਲਗੱਡੀ ’ਤੇ ਸਵਾਰ ਹੋ ਗਏ ਹਨ, ਕਿਉਂਕਿ ਉਹਨਾਂ ਨੇ ਉਤਕਲ ਐਕਸਪ੍ਰੈਸ ’ਤੇ ਚੜ੍ਹਨਾ ਸੀ। ਤੇਜ਼ ਰਫ਼ਤਾਰ ਟ੍ਰੇਨ ਜਦੋਂ ਓਖਲਾ ਸਟੇਸ਼ਨ ’ਤੇ ਪਹੁੰਚ ਰਹੀ ਸੀ ਤਾਂ ਉਹਨਾਂ ਨੇ ਫਰਸਟ ਕਲਾਸ ਦਾ ਦਰਵਾਜ਼ਾ ਖੋਲ੍ਹ ਕੇ ਕਾਹਲੀ ਨਾਲ ਸਟੇਸ਼ਨ ’ਤੇ ਛਾਲ ਮਾਰ ਦਿੱਤੀ। ਰਫਤਾਰ ਤੇਜ਼ ਹਣ ਕਾਰਣ ਉਹ ਸੰਭਲ ਨਾ ਸਕੇ ਅਤੇ ਟ੍ਰੇਨ ਹੇਠਾਂ ਆ ਕੇ ਫੌਤ ਹੋ ਗਏ (ਹਿੰਦੁਸਤਾਨ ਟਾਈਮਜ਼, 13 ਨਵੰਬਰ 1983)।

ਇਹ ਘਟਨਾ ਮੌਜੂਦਾ ਦੁਨੀਆ ਵਿੱਚ ਇਨਸਾਨ ਦੀ ਬੇਬਸੀ ਦੀ ਇੱਕ ਤਸਵੀਰ ਹੈ। ਇਨਸਾਨ ਟ੍ਰੇਨ ਬਣਾਉਂਦਾ ਹੈ ਤੇ ਟ੍ਰੇਨ ਉਸ ਨੂੰ ਉਸਦੀ ਮੰਜ਼ਿਲ ਤੱਕ ਪਹੁੰਚਾ ਦਿੰਦੀ ਹੈ। ਪਰ ਇਨਸਾਨ ਦੀ ਬਣਾਈ ਟ੍ਰੇਨ ਸਾਹਮਣੇ ਇਨਸਾਨ ਖੁਦ ਕਿੰਨਾ ਕਮਜ਼ੋਰ ਹੋ ਜਾਂਦਾ ਹੈ ਕਿ ਉਸਦੇ ਹੇਠਾਂ ਆਉਣ ’ਤੇ ਉਹ ਆਪਣੇ-ਆਪ ਨੂੰ ਬਚਾਅ ਨਹੀਂ ਪਾਉਂਦਾ।

ਇਕ ਇਨਸਾਨ ਬਹੁਤ ਕਾਮਯਾਬ ਹੈ, ਵਿਸ਼ਾਲ ਘਰ ਵਿੱਚ ਰਹਿੰਦਾ ਹੈ, ਜੋ ਕਿ ਉਸਦੀ ਖੁਸ਼ਹਾਲ ਜ਼ਿੰਦਗੀ ਦਾ ਪ੍ਰਤੀਕ ਹੈ। ਉਸਦੇ ਘਰ ਅੱਗੇ ਕਾਰ ਖੜੀ ਹੈ, ਜੋ ਉਸਦੀ ਸ਼ਾਨ ਵਧਾਉਂਦੀ ਹੈ। ਉਹ ਇਕ ਕਾਰਖ਼ਾਨੇ ਦਾ ਮਾਲਕ ਵੀ ਹੈ, ਜੋ ਉਸਦੀ ਦੌਲਤ ਅਤੇ ਉਨੱਤੀ ਦਾ ਸਰੋਤ ਹੈ। ਉਸਦੇ ਬੇਅੰਤ ਮਿੱਤਰ ਹਨ, ਜੋ ਉਸਦੀ ਸ਼ਕਤੀ ਦਾ ਜੀਵਤ ਪ੍ਰਮਾਣ ਹਨ। ਇਹ ਸਭ ਉਹ ਚੀਜ਼ਾਂ ਹਨ, ਜਿਹਨਾਂ ਨਾਲ ਇਨਸਾਨ ਦੀ ਸੰਸਾਰਿਕ ਉਨੱਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ, ਪਰ ਜੇ ਇਨ੍ਹਾਂ ਸਭ ਪਦਾਰਥਾਂ ਨੂੰ ਇਕੱਠਾ ਕਰਕੇ ਉਪਰੋਂ ਇਨਸਾਨ ਦੇ ਸਿਰ ’ਤੇ

ਸੁੱਟਿਆ ਜਾਵੇ, ਤਾਂ ਉਹ ਉਸ ਦੀ ਬਰਬਾਦੀ ਦਾ ਕਾਰਨ ਬਣ ਜਾਵੇਗਾ। ਇਹ ਪਦਾਰਥਾਂ ਦਾ ਵੱਡਾ ਮਲਬਾ ਬਣ ਜਾਵੇਗਾ, ਜਿਸ ਦੇ ਹੇਠ ਦੱਬ ਕੇ ਇਨਸਾਨ ਦਾ ਵਜੂਦ ਖਤਮ ਹੋ ਜਾਵੇਗਾ।

ਇਸ ਮਿਸਾਲ ਨਾਲ ਸਮਝਿਆ ਜਾ ਸਕਦਾ ਹੈ ਕਿ ਦੁਨਿਆਵੀ ਤਰੱਕੀ ਦੀ ਅਸਲ ਹਕੀਕਤ ਕੀ ਹੈ? ਦੁਨੀਆ ਦੀਆਂ ਸਾਰੀਆਂ ਤਰੱਕੀਆਂ ਉਦੋਂ ਤਕ ਸਕਾਰਾਤਮਕ ਨਜ਼ਰ ਆਉਂਦੀਆਂ ਹਨ ਜਦੋਂ ਤੱਕ ਇਹ ਫਰੇਬ ਤੇ ਧੋਖੇ ਦੇ ਰੂਪ ਵਿਚ ਹੋਣ। ਜਿਵੇਂ ਹੀ ਅਸਲੀਅਤ ਸਾਹਮਣੇ ਆਉਂਦੀ ਹੈ, ਸਾਰਾ ਕੁਝ ਬਰਬਾਦੀ ਦਾ ਢੇਰ ਬਣ ਜਾਂਦੀ ਹੈ। ਇਹ ਤਰੱਕੀਆਂ ਕਿਸੇ ਲਈ ਕਬਰਸਤਾਨ ਤਾਂ ਬਣ ਸਕਦੀਆਂ ਹਨ, ਪਰ ਕਾਮਯਾਬੀ ਦੇ ਮਹਿਲ ਬਣਨਾ ਇਹਨਾਂ ਦੀ ਸਮੱਰਥਾ ਤੋਂ ਬਾਹਰ ਹੈ।

ਇਨਸਾਨ ਦੀ ਗ਼ਲਤੀ ਇਹ ਹੈ ਕਿ ਜਿਹੜੀਆਂ ਚੀਜ਼ਾਂ ਜੰਨਤ ਵਿਚ ਮਿਲਣ ਵਾਲੀਆਂ ਹਨ, ਉਹ ਉਹਨਾਂ ਨੂੰ ਮੌਜੂਦਾ ਸੰਸਾਰ ਵਿਚ ਪਾਉਣਾ ਚਾਹੁੰਦਾ ਹੈ। ਪਰਿਣਾਮ ਇਹ ਹੁੰਦਾ ਹੈ ਕਿ ਉਹ ਇੱਥੇ ਵੀ ਮਰਹੂਮ ਰਹਿੰਦਾ ਅਤੇ ਉੱਥੇ (ਪਰਲੋਕ) ਵਿਚ ਵੀ ਕੁਝ ਪਲੇ ਨਹੀਂ ਪੈਂਦਾ।

# ਕੱਲ੍ਹ ਨੂੰ ਜਾਣੋ

ਬੰਗਲਾਦੇਸ਼ ਦੇ ਪੂਰਵ ਰਾਸ਼ਟਰਪਤੀ ਜ਼ਿਆਉਰ ਰਹਿਮਾਨ (1936–1981) ਇਕ ਵਾਰ ਢਾਕਾ ਤੋਂ ਚਟਗ੍ਰਾਮ ਗਏ ਸੀ। 30 ਮਈ 1981 ਦੇ ਦਿਨ ਉਹ ਉਥੇ ਸਰਕਾਰੀ ਰੈਸਟ ਹਾਊਸ ਵਿੱਚ ਆਰਾਮ ਕਰ ਰਹੇ ਸਨ ਕਿ ਰਾਤ ਨੂੰ ਹਮਲਾ ਕਰਕੇ ਉਹਨਾਂ ਦੀ ਹੱਤਿਆ ਕਰ ਦਿੱਤੀ ਗਈ। ਉਨ੍ਹਾਂ ਨੂੰ ਮਾਰਨ ਵਾਲਾ ਬੰਗਲਾਦੇਸ਼ੀ ਫੌਜੀ ਅਫ਼ਸਰ ਮੇਜਰ ਜਨਰਲ ਮੰਜੂਰ ਸੀ। ਉਸ ਨੇ ਸੋਚਿਆ ਸੀ ਕਿ ਉਹ ਜ਼ਿਆਉਰ ਰਹਿਮਾਨ ਨੂੰ ਸੱਤਾ ਤੋਂ ਹਟਾਉਣ ਤੋਂ ਬਾਅਦ ਖ਼ੁਦ ਰਾਸ਼ਟਰਪਤੀ ਬਣ ਜਾਵੇਗਾ ਅਤੇ ਬੰਗਲਾਦੇਸ਼ ਦੀ ਵਾਗਡੋਰ ਸੰਭਾਲੇਗਾ। ਪਰ ਉਹਨਾਂ ਦਾ ਅੰਦਾਜ਼ਾ ਗਲਤ ਨਿਕਲਿਆ। ਫੋਜ ਦੇ ਇਕ ਦਸਤੇ ਤੋਂ ਇਲਾਵਾ ਹੋਰ ਕਿਸੇ ਨਏ ਉਸਦਾ ਸਾਥ ਨਹੀਂ ਦਿੱਤਾ। ਸਿਰਫ ਦੋ ਦਿਨ ਬਾਅਦ 2 ਜੂਨ, 1981 ਨੂੰ ਵਿਰੋਧੀ ਸੈਨਿਕਾਂ ਨੇ ਗੋਲੀ ਮਾਰ ਕੇ ਉਹਨਾਂ ਦੀ ਹੱਤਿਆ ਕਰ ਦਿੱਤੀ।

ਜਨਰਲ ਮੰਜੂਰ ਦਾ ਜੋ ਅੰਜਾਮ ਹੋਇਆ, ਉਹੀ ਦੁਨੀਆ ਵਿਚ ਹਰ ਇਨਸਾਨ ਨਾਲ ਵਾਪਰ ਰਿਹਾ ਹੈ। ਕੋਈ ਗੋਲੀ ਨਾਲ ਮਰਦਾ ਹੈ ਤੇ ਕੋਈ ਫ਼ਰਿਸ਼ਤਿਆਂ ਦੇ ਜ਼ਰੀਏ ਮੌਤ ਦੇ ਅੰਜਾਮ ਤਕ ਪਹੁੰਚਦਾ ਹੈ। ਪਰ ਕੋਈ ਇਸਤੋਂ ਸਬਕ ਨਹੀਂ ਲੈਂਦਾ। ਕੋਈ ਜਨਰਲ ਮੰਜੂਰ ਇਹ ਨਹੀਂ ਸੋਚਦਾ ਕਿ ਆਪਣੇ ਪ੍ਰਤੀਯੋਗੀਆਂ ਨੂੰ ਕਤਲ ਕਰਨ ਤੋਂ ਬਾਅਦ ਛੇਤੀ ਹੀ ਉਹ ਖ਼ੁਦ ਵੀ ਮਾਰਿਆ ਜਾਵੇਗਾ। ਦੂਜਿਆਂ ਨੂੰ ਮੌਤ ਦੇ ਟੋਏ ਵਿਚ ਸੁੱਟਣ ਤੋਂ ਬਾਅਦ ਖੁਦ ਨੂੰ ਵੀ ਲਾਜ਼ਮੀ ਮੌਤ ਦੇ ਡੂੰਘੇ ਟੋਏ ਵਿਚ ਧਕੇਲ ਦਿੱਤਾ ਜਾਵੇਗਾ।

ਇਹ ਦੁਨੀਆ ਇਮਤਿਹਾਨ ਦੀ ਜਗ੍ਹਾ ਹੈ। ਇਸ ਵਿਚ ਰਹਿੰਦੇ ਹਰ ਇਨਸਾਨ ਨੂੰ ਕੁਝ ਨਾ ਕੁਝ ਅਧਿਕਾਰ ਮਿਲੇ ਹਨ— ਕਿਸੀ ਦੇ ਅਧਿਕਾਰਾਂ ਦਾ ਦਾਇਰਾ ਵਿਸ਼ਾਲ ਹੈ ਤੇ ਕਿਸੀ ਦਾ ਛੋਟਾ। ਪਰ ਅਜੀਬ ਗੱਲ ਇਹ ਕਿ ਹਰ ਇਨਸਾਨ ਆਪਣੇ ਦਾਇਰੇ ਵਿੱਚ ਉਹੀ ਬਣ ਜਾਂਦਾ ਹੈ ਜੋ ਦੂਜਾ ਆਪਣੇ ਦਾਇਰੇ ਵਿਚ ਬਣਿਆ ਹੋਇਆ ਹੈ। ਹਰ ਕੋਈ ਦੂਜੇ ਦੀਆਂ ਲੱਤਾਂ ਖਿੱਚਣ ਅਤੇ ਦੂਜੇ ਨੂੰ ਨਕਾਰ ਕੇ ਖੁਦ ਨੂੰ ਸਹੀ ਤੇ ਪ੍ਰਮਾਣਿਕ ਸਾਬਤ ਕਰਨ ਵਿਚ ਲੱਗਾ ਹੋਇਆ ਹੈ। ਹਰ ਇਨਸਾਨ ਇਸ ਦੌੜ ਵਿਚ ਹੈ ਕਿ ਦੂਜੇ ਨੂੰ ਉਸਦੇ ਅਹੁਦੇ ਤੋਂ ਹਟਾ ਕੇ ਆਪ ਉੱਥੇ ਕਾਬਜ਼ ਹੋ ਸਕੇ। ਪਰ ਉਹ ਭੁੱਲ ਜਾਂਦਾ ਹੈ ਕਿ ਉਸ ਦੀ ਮੰਜ਼ਿਲ ਕੋਈ ਖ਼ਾਲੀ ਅਹੁਦਾ ਨਹੀਂ, ਸਗੋਂ ਉਸ ਦੀ ਆਪਣੀ ਕਬਰ ਹੈ।

ਹਰ ਉਹ ਸ਼ਖ਼ਸ ਜੋ ਆਪਣੇ ਆਪ ਨੂੰ ਕਾਮਯਾਬ ਸਮਝਦਾ ਹੈ, ਕੱਲ੍ਹ ਆਪਣੀ ਨਾਕਾਮੀ ਦੇ ਰੂਬਰੂ ਖੜ੍ਹਾ ਹੋਵੇਗਾ। ਇਹ ਘਟਨਾ ਰੋਜ਼ ਵਾਪਰਦੀ ਹੈ, ਪਰ ਕੋਈ ਆਪਣੇ ਆਉਣ ਵਾਲੇ ਕੱਲ੍ਹ ਬਾਰੇ ਨਹੀਂ ਸੋਚਦਾ, ਹਰ ਕੋਈ ਸਿਰਫ ਅੱਜ ਨੂੰ ਜਾਣਨ ਤੇ ਮਾਨਣ ਵਿਚ ਵਿਅਰਥ ਹੈ।

ਜੋ ਆਪਣੇ ਅੱਜ ਨੂੰ ਜਾਣਦੇ ਹਨ, ਉਹ ਆਪਣੇ ਕੱਲ੍ਹ ਨੂੰ ਵੀ ਜਾਣ ਲੈਣ। ਕਿਉਂਕਿ ਆਖ਼ਿਰਕਾਰ ਤੁਸੀਂ ਜਿਸ ਨਾਲ ਦੋ-ਚਾਰ ਹੋਣਾ ਹੈ, ਉਹ ਅੱਜ ਨਹੀਂ, ਤੁਹਾਡਾ ਕੱਲ੍ਹ ਹੈ।

# ਬੇਖ਼ਬਰ ਇਨਸਾਨ

ਆਇਵਰੀ ਕੋਸਟ ਪੱਛਮੀ ਅਫ਼ਰੀਕਾ ਦਾ ਇੱਕ ਤਟਵਰਤੀ ਦੇਸ਼ ਹੈ। ਇੱਥੇ ਬਿਜਲੀ ਵਾਧੂ ਮਾਤਰਾ ਵਿਚ ਉਪਲਬਧ ਹੈ। ਘਰਾਂ ਅਤੇ ਦੁਕਾਨਾਂ ਦੀ ਚਮਕ-ਦਮਕ ਕਾਰਨ ਇਸ ਇਲਾਕੇ ਨੂੰ ਅਫ਼ਰੀਕਾ ਦਾ "ਸ਼ੋ-ਕੇਸ" ਵੀ ਕਿਹਾ ਜਾਂਦਾ ਸੀ (ਟਾਈਮਜ਼ ਆਫ਼ ਇੰਡੀਆ, 4 ਜਨਵਰੀ 1984)।

ਪਰ ਦਸੰਬਰ 1983 ਵਿੱਚ ਅਚਾਨਕ ਹਾਲਾਤ ਐਸੇ ਬਣ ਗਏ ਕਿ ਲੋਕ ਸ਼ਾਨਦਾਰ ਹੋਟਲਾਂ ਵਿੱਚ ਜਾ ਕੇ ਵੀ ਮੋਮਬੱਤੀ ਦੀ ਰੌਸ਼ਨੀ ਵਿੱਚ ਖਾਣਾ ਖਾਣ ਲੱਗੇ ਅਤੇ ਘਰਾਂ ਤੇ ਦਫ਼ਤਰਾਂ ਨੂੰ ਵੀ ਮੋਮਬੱਤੀਆਂ ਨਾਲ ਰੌਸ਼ਨ ਕੀਤਾ ਜਾਣ ਲੱਗਾ। ਆਇਵਰੀ ਕੋਸਟ ਵਿੱਚ 92 ਪ੍ਰਤੀਸ਼ਤ ਬਿਜਲੀ ਜਲ-ਵਿਦਯੁਤ ਤੋਂ ਬਣਦੀ ਸੀ। ਪਰ ਮੀਂਹ ਨਾ ਪੈਣ ਕਾਰਣ ਡੈਮ ਸੁੱਕ ਗਏ ਅਤੇ ਟਰਬਾਈਨਾਂ ਅਕਸਰ ਬੰਦ ਰਹਿਣ ਲੱਗੀਆਂ। ਨਤੀਜਾ ਇਹ ਨਿਕਲਿਆ ਕਿ ਕਈ ਵਾਰ ਲਗਾਤਾਰ 18 ਘੰਟੇ ਤੱਕ ਬਿਜਲੀ ਗਾਇਬ ਰਹਿਣ ਲੱਗੀ। ਪਰਿਣਾਮਸਰੂਪ ਉਦਯੋਗਿਕ ਉਤਪਾਦਨ ਘਟ ਕੇ ਸਿਰਫ਼ 35 ਪ੍ਰਤੀਸ਼ਤ ਰਹਿ ਗਿਆ। ਕੰਪਿਊਟਰ, ਇਲੈਕਟ੍ਰਿਕ ਟਾਈਪਰਾਈਟਰ, ਫ੍ਰਿਜ਼ ਅਤੇ ਹੋਰ ਬਿਜਲੀ ਨਾਲ ਚੱਲਣ ਵਾਲੀਆਂ ਵਸਤੂਆਂ ਵਿਅਰਥ ਹੋ ਗਈਆਂ।

ਕਈ ਵੱਡੇ ਵਪਾਰੀਆਂ ਨੇ ਬਿਜਲੀ ਦੀ ਚਿੰਤਾ ਕਰਕੇ ਦਫ਼ਤਰ ਜਾਣਾ ਹੀ ਛੱਡ ਦਿੱਤਾ ਕਿ ਕਿਤੇ ਉਹ ਬਿਜਲੀ ਕਰਕੇ ਲਿਫ਼ਟ ਵਿੱਚ ਹੀ ਨਾ ਫਸ ਜਾਣ। ਇੱਕ ਵਪਾਰੀ ਨੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧੀ ਨੂੰ ਕਿਹਾ:

> "For years, I had gone from my air-conditioned villa to my air-conditioned car to my air-conditioned office, I never realised just how hot it really is here."

> (ਸਾਲਾਂ ਤੱਕ ਮੇਰੀ ਜ਼ਿੰਦਗੀ ਇਸ ਤਰ੍ਹਾਂ ਗੁਜ਼ਰੀ ਕਿ ਮੈਂ ਏਅਰ-ਕੰਡੀਸ਼ਨ ਘਰ ਤੋਂ ਏਅਰ-ਕੰਡੀਸ਼ਨ ਕਾਰ ਵਿੱਚ ਬੈਠ ਕੇ ਏਅਰ-ਕੰਡੀਸ਼ਨ ਦਫ਼ਤਰ ਪਹੁੰਚਦਾ ਸੀ। ਮੈਨੂੰ ਕਦੇ ਅਹਿਸਾਸ ਹੀ ਨਹੀਂ ਹੋਇਆ ਕਿ ਆਇਵਰੀ ਕੋਸਟ ਅਸਲ ਵਿੱਚ ਕਿੰਨਾ ਗਰਮ ਹੈ।)

ਅਫ਼ਰੀਕਾ ਵਰਗੇ ਗਰਮ ਦੇਸ਼ ਵਿੱਚ ਏਅਰ-ਕੰਡੀਸ਼ਨ ਮਾਹੌਲ ਵਿੱਚ ਰਹਿਣ ਵਾਲਾ ਇਹ ਵਪਾਰੀ ਜਿਵੇਂ ਇੱਕ ਕ੍ਰਿਤ੍ਰਿਮ (ਨਕਲੀ) ਦੁਨੀਆ ਵਿੱਚ ਜੀ ਰਿਹਾ ਸੀ। ਜਦੋਂ ਬਿਜਲੀ ਨੇ ਉਸ ਦਾ ਸਾਥ ਛੱਡਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਹਕੀਕਤ ਉਹ ਨਹੀਂ ਸੀ, ਜੋ ਉਹ ਆਪਣੇ ਮਨ ਵਿੱਚ ਮੰਨ ਕੇ ਬੈਠਾ ਸੀ।

ਇਹੀ ਸਥਿਤੀ ਸਾਰੇ ਇਨਸਾਨਾਂ ਦੀ ਹੈ। ਇਨਸਾਨ ਮੌਜੂਦਾ ਦੁਨੀਆ ਵਿੱਚ ਆਪਣੇ ਆਪ ਨੂੰ ਆਜ਼ਾਦ ਸਮਝਦਾ ਹੈ। ਉਹ ਸੋਚਦਾ ਹੈ ਕਿ ਜੋ ਕੁਝ ਉਸ ਕੋਲ ਹੈ, ਉਹ ਉਸ ਦੀ ਆਪਣੀ ਮਲਕੀਅਤ ਹੈ। ਪਰ ਜਦੋਂ ਮੌਤ ਆਵੇਗੀ ਤਾਂ ਅਚਾਨਕ ਉਸ ਨੂੰ ਗਿਆਤ ਹੋਵੇਗਾ ਕਿ ਇਹ ਸਭ ਸਿਰਫ਼ ਇੱਕ ਧੋਖਾ ਸੀ। ਉਸ ਨੇ ਇਮਤਿਹਾਨ ਦੀ ਆਜ਼ਾਦੀ ਨੂੰ ਦਾਨ-ਪੁੰਨ ਦੀ ਆਜ਼ਾਦੀ ਸਮਝ ਲਿਆ ਸੀ। ਉਸ ਨੇ ਖ਼ੁਦਾ ਦੀ ਅਮਾਨਤ ਨੂੰ ਆਪਣੀ ਜਾਇਦਾਦ ਮੰਨ ਲਿਆ ਸੀ। ਇਨਸਾਨ ਦੇ ਕੀਤੇ ਕਰਮਾਂ ਦਾ ਹਿਸਾਬ ਖ਼ੁਦਾ ਦੇ ਦਰ 'ਤੇ ਹੋਣਾ ਹੈ। ਪਰ ਉਹ ਇਸ ਗਲਤਫਹਿਮੀ ਵਿਚ ਅਵੇਸਲਾ ਹੋ ਕੇ ਬੈਠ ਗਿਆ ਕਿ ਉਹ ਚਾਹੇ ਜਿਹੋ ਜਿਹੇ ਮਰਜ਼ੀ ਕਰਮ ਕਰੇ, ਉਸ ਤੋਂ ਕਿਸੇ ਤਰ੍ਹਾਂ ਦਾ ਹਿਸਾਬ ਨਹੀਂ ਲਿਆ ਜਾਣਾ।

# ਆਖ਼ਰੀ ਮੰਜ਼ਿਲ

ਐਵਰੇਸਟ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਹੈ। ਹਿਮਾਲਿਆ ਦੀ ਇਹ ਮਸ਼ਹੂਰ ਚੋਟੀ ਸਮੁੰਦਰ ਦੀ ਸਤਹ ਤੋਂ 29,028 ਫੁੱਟ (8,848 ਮੀਟਰ) ਉੱਚੀ ਹੈ। ਕਿਹਾ ਜਾਂਦਾ ਹੈ ਕਿ ਪਹਿਲਾ ਵਿਅਕਤੀ ਜਿਸ ਨੇ ਇਸ ਚੋਟੀ 'ਤੇ ਚੜ੍ਹਨ ਦੀ ਸੰਜੀਦਾ ਕੋਸ਼ਿਸ਼ ਕੀਤੀ, ਉਹ ਇੱਕ ਅੰਗਰੇਜ਼ ਮੌਰੀਸ ਵਿਲਸਨ (ੰਉਰਚਿਏ ੰਲਿਸੋਨ) ਸੀ। ਉਸ ਨੇ 1934 ਵਿੱਚ ਚੋਟੀ 'ਤੇ ਚੜ੍ਹਾਈ ਕੀਤੀ। ਪਰ ਜਿਸ ਚੀਜ਼ ਨੂੰ ਉਸ ਨੇ ਆਪਣੀ ਜ਼ਿੰਦਗੀ ਦਾ ਕਲਾਈਮੈਕਸ (ਛਲਮਿੳਣ) ਸਮਝਿਆ ਸੀ, ਉਹੀ ਉਸ ਲਈ ਐਂਟੀ-ਕਲਾਈਮੈਕਸ (ਅਨਟ਼ਿ-ਛਲਮਿੳਣ) ਸਾਬਤ ਹੋਇਆ।

ਮੌਰੀਸ ਵਿਲਸਨ ਪਹਿਲੇ ਵਿਸ਼ਵ ਯੁੱਧ ਵਿੱਚ ਸਿਪਾਹੀ ਸੀ। ਉਸ ਨੂੰ

ਦੁਨੀਆ ਦੀ "ਆਖ਼ਰੀ ਬੁਲੰਦੀ" 'ਤੇ ਪਹੁੰਚਣ ਦਾ ਇੰਨਾ ਸ਼ੌਂਕ ਸੀ ਕਿ ਉਸ ਨੇ ਆਪਣਾ ਕਾਮਯਾਬ ਪਰਿਵਾਰਕ ਕਾਰੋਬਾਰ ਵੀ ਇਸ ਸ਼ੌਂਕ 'ਤੇ ਕੁਰਬਾਨ ਕਰ ਦਿੱਤਾ। ਉਸ ਨੇ ਆਪਣੀ ਸਾਰੀ ਪੂੰਜੀ ਲਗਾ ਕੇ ਇੱਕ ਪੁਰਾਣਾ ਹਵਾਈ ਜਹਾਜ਼ ਖਰੀਦਿਆ। ਇੰਗਲੈਂਡ ਤੋਂ ਛੇ ਹਜ਼ਾਰ ਮੀਲ ਦਾ ਸਫਰ ਤੈਅ ਕਰਕੇ ਉਹ ਭਾਰਤ ਦੇ ਪੂਰਨੀਆ ਸ਼ਹਿਰ ਪਹੁੰਚਿਆ। ਉੱਥੇ ਜਹਾਜ਼ ਵੇਚ ਕੇ ਉਹ ਦਾਰਜੀਲਿੰਗ ਅਤੇ ਤਿਬਤ ਦੇ ਰਸਤੇ ਐਵਰੇਸਟ ਵੱਲ ਤੁਰ ਪਿਆ।

ਅਖ਼ੀਰ ਉਸ ਕੋਲ ਸਿਰਫ਼ ਇੱਕ ਛੋਟਾ ਤੰਬੂ, ਕੁਝ ਚੌਲ, ਇੱਕ ਆਟੋਮੈਟਿਕ ਕੈਮਰਾ ਅਤੇ ਕੁਝ ਹੋਰ ਸਾਮਾਨ ਬਚਿਆ। ਪਰ ਉਹ ਫਿਰ ਵੀ ਲਗਾਤਾਰ ਉੱਪਰ ਚੜ੍ਹਦਾ ਰਿਹਾ ਅਤੇ 19,500 ਫੁੱਟ ਦੀ ਉਚਾਈ ਤੱਕ ਪਹੁੰਚ ਗਿਆ। 21 ਅਪ੍ਰੈਲ 1934 ਨੂੰ ਉਸ ਦਾ 36ਵਾਂ ਜਨਮਦਿਨ ਸੀ। ਉਸ ਦੀ ਯੋਜਨਾ ਸੀ ਕਿ ਆਪਣੇ ਜਨਮਦਿਨ ਮੌਕੇ ਉਹ ਐਵਰੇਸਟ ਦੀ ਚੋਟੀ 'ਤੇ ਖੜ੍ਹਾ ਹੋਵੇ। ਉਸਨੇ ਆਪਣੀ ਡਾਇਰੀ ਵਿਚ ਕੁਝ ਦਿਨ ਪਹਿਲਾਂ ਇਹ ਸ਼ਬਦ ਲਿਖੇ:

> "Only 13000 feet more to go. I have the distinct feeling that I will reach the summit on April, 21st."
>
> (ਹੁਣ ਸਿਰਫ਼ 13,000 ਫੁੱਟ ਬਾਕੀ ਹਨ। ਮੈਨੂੰ ਪੂਰਾ ਯਕੀਨ ਹੈ ਕਿ ਮੈਂ 21 ਅਪ੍ਰੈਲ ਨੂੰ ਚੋਟੀ 'ਤੇ ਪਹੁੰਚ ਜਾਵਾਂਗਾ।)

ਇਨ੍ਹਾਂ ਮਾਣ ਨਾਲ ਭਰੇ ਸ਼ਬਦਾਂ ਨੂੰ ਲਿਖਣ ਉਪਰੰਤ ਹਿਮਾਲਿਆ ਦੇ ਕਠੋਰ ਤੂਫ਼ਾਨਾਂ ਅਤੇ ਭਿਆਨਕ ਮੌਸਮ ਨੇ ਉਸ ਦਾ ਰਾਹ ਰੋਕ ਲਿਆ। ਉਹ ਮਜ਼ਬੂਰ ਹੋ ਕੇ ਵਾਪਸ ਪਿਛਲੇ ਸਟੋਪੇਜ 'ਤੇ ਆ ਗਿਆ। ਉਸ ਤੋਂ ਬਾਅਦ ਉਹ ਕਦੇ ਵੀ ਮੁੜ ਉੱਪਰ ਨਹੀਂ ਚੜ੍ਹ ਸਕਿਆ। ਉਸ ਨਾਲ ਕੀ ਹੋਇਆ ਕਿਸੇ ਨੂੰ ਕੁਝ ਪਤਾ ਨਾ ਲੱਗਾ। ਪਰ ਇੱਕ ਸਾਲ ਬਾਅਦ ਜਦੋਂ ਤਿਨ-ਜ਼ਿੰਗ-ਨੋਰਗੇ ਉੱਪਰ ਚੜ੍ਹ ਰਿਹਾ ਸੀ ਤਾਂ ਉਸ ਨੂੰ ਇੱਕ ਥਾਂ ਮੌਰੀਸ ਵਿਲਸਨ ਦੀ ਲਾਸ਼ ਮਿਲੀ। ਉਸ ਦੇ ਨਾਲ ਉਸ ਦੀ ਡਾਇਰੀ ਵੀ ਸੀ, ਜਿਸ ਵਿੱਚ ਆਖ਼ਰੀ ਵਾਕ ਉਹੀ ਸੀ ਜੋ ਉੱਪਰ ਦਰਜ ਹੈ।

ਮੌਰੀਸ ਵਿਲਸਨ ਚਾਹੁੰਦਾ ਸੀ ਕਿ ਉਹ ਐਵਰੇਸਟ ਦੀ ਚੋਟੀ 'ਤੇ ਖੜ੍ਹ ਕੇ ਆਪਣੇ ਕੈਮਰੇ ਨਾਲ ਆਪਣੀ ਜਿੱਤ ਦੀ ਤਸਵੀਰ ਖਿੱਚੇ। ਪਰ ਜਿਸ ਦਿਨ ਉਹ ਤਾਰੀਖ ਆਈ, ਉੱਥੇ ਨਾ ਕੋਈ ਵਿਲਸਨ ਸੀ ਜੋ ਆਪਣੀ ਜਿੱਤ 'ਤੇ

ਖੁਸ਼ ਹੁੰਦਾ ਅਤੇ ਨਾ ਹੀ ਕੋਈ ਕੈਮਰਾ ਸੀ ਜੋ ਉਸਦੀ ਖੁਸ਼ੀ ਤੇ ਕਾਮਯਾਬੀ ਨੂੰ ਰਿਕੋਰਡ ਕਰਦਾ।

ਇਹ ਕਹਾਣੀ ਬਦਲੀ ਹੋਈ ਸਥਿਤੀ ਵਿੱਚ ਹਰ ਇਨਸਾਨ ਦੀ ਕਹਾਣੀ ਹੈ। ਹਰ ਵਿਅਕਤੀ ਸਮਝਦਾ ਹੈ ਕਿ ਉਹ ਕਾਮਯਾਬੀ ਦੀ ਚੋਟੀ ਵੱਲ ਵੱਧ ਰਿਹਾ ਹੈ, ਜਦਕਿ ਹਕੀਕਤ ਇਹ ਹੈ ਕਿ ਹਰ ਕੋਈ ਇੱਕ ਐਸੀ ਮੰਜ਼ਿਲ ਵੱਲ ਵੱਧਸ ਰਿਹਾ ਹੈ ਜਿੱਥੇ ਮੌਤ ਤੋਂ ਬਿਨਾਂ ਹੋਰ ਕੁਝ ਉਸ ਦੀ ਉਡੀਕ ਨਹੀਂ ਕਰਦਾ।

ਕੁਝ ਲੋਕ ਸਾਰੀ ਉਮਰ ਦੁਨਿਆਵੀ ਕਾਮਯਾਬੀਆਂ ਦੇ ਸੁਪਨੇ ਹੀ ਵੇਖਦੇ ਰਹਿੰਦੇ ਹਨ ਅਤੇ ਆਖ਼ਿਰ ਇਸ ਢੰਗ ਨਾਲ ਮਰ ਜਾਂਦੇ ਹਨ ਜਿਵੇਂ ਉਹਨਾਂ ਨੇ ਆਪਣੇ ਸੁਪਨਿਆਂ ਦਾ ਸਫ਼ਰ ਕਦੇ ਸ਼ੁਰੂ ਕੀਤਾ ਹੀ ਨਹੀਂ ਸੀ।

ਦੂਜੇ ਲੋਕ ਉਹ ਹਨ ਜੋ ਸੁਪਨੇ ਪੂਰੇ ਕਰ ਲੈਂਦੇ ਹਨ, ਪਰ ਹਾਸਲ ਕਰਨ ਮਗਰੋਂ ਵੀ ਉਹ ਉਨ੍ਹਾਂ ਚੀਜ਼ਾਂ ਤੋਂ ਉੱਨੇ ਹੀ ਦੂਰ ਰਹਿੰਦੇ ਹਨ ਜਿੰਨਾ ਕਿ ਨਾ ਹਾਸਲ ਕਰਨ ਵਾਲੇ। ਕਿਉਂਕਿ ਮਨੁੱਖ ਨੂੰ ਚੀਜ਼ਾਂ ਹਾਸਲ ਕਰਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਹਨਾਂ ਚੀਜ਼ਾਂ ਦਾ ਆਨੰਦ ਮਾਨਣ ਲਈ ਲੋੜੀਂਦੀ ਤਾਕਤ ਅਤੇ ਸਮਰੱਥਾ ਹੀ ਨਹੀਂ ਰਹੀ। ਇਸ ਦੁਨੀਆ ਵਿਚ ਹਾਸਲ ਕਰਨ ਵਾਲਾ ਵੀ ਉੱਨਾ ਹੀ ਮਹਰੂਮ ਹੈ ਜਿੰਨਾ ਨਾ ਹਾਸਲ ਕਰਨ ਵਾਲਾ, ਪਰ ਬਹੁਤ ਘੱਟ ਹਨ ਜੋ ਇਸ ਹਕੀਕਤ ਨੂੰ ਜਾਣਦੇ ਹਨ।

ਇਨਸਾਨ ਕਿੰਨਾ ਜ਼ਿਆਦਾ ਮਹਰੂਮ ਹੈ, ਪਰ ਆਪਣੇ ਆਪ ਨੂੰ ਕਿੰਨਾ ਵੱਡਾ ਕਾਮਯਾਬ ਸਮਝਦਾ ਹੈ। ਜ਼ਿੰਦਗੀ ਕਿੰਨੀ ਅਣਸ਼ਚਿਤ ਹੈ, ਪਰ ਉਹ ਉਸ ਨੂੰ ਕਿੰਨੀ ਨਿਸ਼ਚਿਤ ਸਮਝ ਲੈਂਦਾ ਹੈ। ਇਨਸਾਨ ਸਿਰਫ ਅਣਜਾਣ ਅਤੇ ਅਗਿਆਤ ਕੱਲ੍ਹ ਵੱਲ ਵੱਧ ਰਿਹਾ ਹੈ, ਪਰ ਉਹ ਗੁਮਾਨ ਕਰ ਲੈਂਦਾ ਹੈ ਕਿ ਦਿੱਸਦੇ ਅੱਜ ਵਿੱਚ ਉਹ ਆਪਣੀ ਕਾਮਯਾਬ ਦੁਨੀਆ ਦਾ ਨਿਰਮਾਣ ਕਰ ਹੈ।

ਕਿੰਨੇ ਬੇਖ਼ਬਰ ਹਨ ਉਹ ਲੋਕ ਜੋ ਆਪਣੇ ਆਪ ਨੂੰ ਗਿਆਤਾ ਸਮਝਦੇ ਹਨ ਅਤੇ ਕਿੰਨੇ ਨਾਕਾਮ ਹਨ ਉਹ, ਜਿਨ੍ਹਾਂ ਦੇ ਨਾਮ ਕਾਮਯਾਬ ਲੋਕਾਂ ਦੀ ਸੂਚੀ ਵਿੱਚ ਸਭ ਤੋਂ ਅੱਗੇ ਲਿਖੇ ਹੋਏ ਹਨ।

# ਮੌਤ ਦੇ ਦੂਜੇ ਪਾਸੇ

ਸਿਕੰਦਰ-ਏ-ਆਜ਼ਮ ਨੇ ਵੱਡੀਆਂ-ਵੱਡੀਆਂ ਜਿੱਤਾਂ ਹਾਸਲ ਕੀਤੀਆਂ, ਪਰ ਆਪਣੇ ਅੰਤਿਮ ਵੇਲੇ ਉਸ ਨੇ ਕਿਹਾ: "ਮੈਂ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ, ਪਰ ਮੌਤ ਨੇ ਮੈਨੂੰ ਜਿੱਤ ਲਿਆ।" ਅਫਸੋਸ ਕਿ ਮੈਨੂੰ ਜ਼ਿੰਦਗੀ ਦਾ ਉਹ ਸਕੂਨ ਵੀ ਹਾਸਲ ਨਾ ਹੋ ਸਕਿਆ ਜੋ ਇਕ ਆਮ ਇਨਸਾਨ ਨੂੰ ਹਾਸਲ ਹੁੰਦਾ ਹੈ।

ਨਪੋਲੀਅਨ ਬੋਨਾਪਾਰਟ ਦੇ ਆਖਰੀ ਸ਼ਬਦ ਇਹ ਸਨ: "ਉਦਾਸੀ ਦਾ ਮੇਰੇ ਨਜ਼ਦੀਕ ਆਉਣਾ ਜੁਰਮ ਸੀ। ਪਰ ਅੱਜ ਮੇਰੇ ਨਾਲੋਂ ਜ਼ਿਆਦਾ ਉਦਾਸ ਇਨਸਾਨ ਦੁਨੀਆ ਵਿਚ ਕੋਈ ਨਹੀਂ। ਮੈਂ ਦੋ ਚੀਜ਼ਾਂ ਦਾ ਭੁੱਖਾ ਸੀ— ਇੱਕ ਮੁਹੱਬਤ, ਦੂਜੀ ਹਕੂਮਤ। ਹਕੂਮਤ ਮਿਲੀ ਪਰ ਨਾਲ ਨਾ ਰਹੀ। ਮੁਹੱਬਤ ਨੂੰ ਸਾਰੀ ਜ਼ਿੰਦਗੀ ਲੱਭਦਾ ਰਿਹਾ ਪਰ ਕਦੇ ਮਿਲੀ ਹੀ ਨਹੀਂ। ਜੇਕਰ ਇਨਸਾਨੀ ਜ਼ਿੰਦਗੀ ਉਹ ਹੈ ਜੋ ਮੇਰੇ ਹਿੱਸੇ ਆਈ ਤਾਂ ਇਹ ਨਿਸ਼ਚਿਤ ਤੌਰ 'ਤੇ ਇਕ ਵਿਅਰਥ ਚੀਜ਼ ਹੈ। ਕਿਉਂਕਿ ਇਸਦਾ ਅੰਜਾਮ ਉਦਾਸੀ ਤੇ ਬਰਬਾਦੀ ਤੋਂ ਇਲਾਵਾ ਹੋਰ ਕੁਝ ਨਹੀਂ।"

ਹਾਰੂਨ-ਅਲ-ਰਸ਼ੀਦ ਇਕ ਬਹੁਤ ਵੱਡੀ ਸਲਤਨਤ ਦਾ ਹੁਕਮਰਾਨ ਸੀ। ਪਰ ਆਪਣੇ ਅੰਤਿਮ ਪਲਾਂ ਵਿਚ ਉਸਦੇ ਸ਼ਬਦ ਸਨ: "ਮੈਂ ਸਾਰੀ ਉਮਰ ਗ਼ਮ ਗਲਤ (ਦੁੱਖ ਨੂੰ ਭੁਲਾਉਣ) ਦੀ ਕੋਸ਼ਿਸ਼ ਕੀਤੀ, ਪਰ ਫਿਰ ਵੀ ਮੈਂ ਕਾਮਯਾਬ ਨਾ ਹੋ ਸਕਿਆ। ਮੈਂ ਬੇਹਦ ਦੁੱਖ ਅਤੇ ਚਿੰਤਾ ਭਰਿਆ ਜੀਵਨ ਬਤੀਤ ਕੀਤਾ ਹੈ। ਜ਼ਿੰਦਗੀ ਦਾ ਕੋਈ ਦਿਨ ਐਸਾ ਨਹੀਂ ਜੋ ਮੈਂ ਬੇਫਿਕਰੀ ਵਿਚ ਗੁਜ਼ਾਰਿਆ ਹੋਵੇ। ਹੁਣ ਮੈਂ ਮੌਤ ਕੰਡੇ ਹਾਂ ਤੇ ਜਲਦੀ ਹੀ ਮੌਤ ਮੇਰੀ ਦੇਹ ਨੂੰ ਨਸ਼ਟ ਕਰ ਦਵੇਗੀ। ਇਹੀ ਹਰ ਇਨਸਾਨ ਦਾ ਆਖਰੀ ਅੰਜਾਮ ਹੈ। ਪਰ ਹਰ ਇਨਸਾਨ ਆਪਣੇ ਅੰਜਾਮ ਤੋਂ ਅਣਜਾਣ ਤੇ ਗਾਫਲ ਰਹਿੰਦਾ ਹੈ।"

ਖਲੀਫ਼ਾ ਮਨਸੂਰ ਅੱਬਾਸੀ ਦੀ ਮੌਤ ਦਾ ਸਮਾਂ ਨਜ਼ਦੀਕ ਆਇਆ ਤਾਂ ਉਸਨੇ ਕਿਹਾ: "ਜੇ ਮੈਂ ਕੁਝ ਦਿਨ ਹੋਰ ਜੀਉਂਦਾ ਰਹਿੰਦਾ ਤਾਂ ਉਸ ਹਕੂਮਤ ਨੂੰ ਅੱਗ ਲਾ ਦਿੰਦਾ, ਜਿਸ ਨੇ ਮੈਨੂੰ ਸੱਚਾਈ ਤੋਂ ਦੂਰ ਕਰ ਦਿੱਤਾ।" ਅਸਲੀਅਤ ਇਹ ਹੈ ਕਿ ਇਕ ਨੇਕੀ ਸਾਰੀ ਹਕੂਮਤ ਤੋਂ ਬਿਹਤਰ ਹੈ, ਪਰ

ਇਸ ਗੱਲ ਦੀ ਸੋਝੀ ਮੈਨੂੰ ਉਦੋਂ ਆਈ ਜਦੋਂ ਮੌਤ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ।

ਦੁਨੀਆ ਦੇ ਬਹੁਤ ਸਾਰੇ ਕਾਮਯਾਬ ਲੋਕ ਮਰਦੇ ਸਮੇਂ ਇਹ ਮੰਨ ਕੇ ਗਏ ਕਿ ਅਸਲ ਵਿੱਚ ਉਹ ਸਭ ਤੋਂ ਵੱਡੇ ਨਾਕਾਮ ਇਨਸਾਨ ਸਨ। ਹਕੀਕਤ ਇਹ ਹੈ ਕਿ ਜੇ ਮੌਤ ਤੋਂ ਪਹਿਲਾਂ ਉਹ ਅਹਿਸਾਸ ਆ ਜਾਵੇ, ਜੋ ਮੌਤ ਵੇਲੇ ਹੁੰਦਾ ਹੈ, ਤਾਂ ਇਨਸਾਨ ਦੀ ਪੂਰੀ ਜ਼ਿੰਦਗੀ ਬਦਲ ਜਾਏ। ਹਰ ਇਨਸਾਨ ਜਦੋਂ ਮੌਤ ਕਿਨਾਰੇ ਖੜ੍ਹਾ ਹੁੰਦਾ ਹੈ ਤਾਂ ਉਸਨੂੰ ਉਹ ਸਾਰੀਆਂ ਰੌਣਕਾਂ ਵਿਅਰਥ ਜਾਪਦੀਆਂ ਹਨ ਜਿਹਨਾਂ ਵਿਚ ਖਚਿਤ ਹੋ ਕੇ ਉਸਨੇ ਹਕੀਕਤ (ਮੌਤ) ਨੂੰ ਭੁਲਾ ਦਿੱਤਾ ਸੀ। ਉਹ ਅਜਿਹੀ ਸਥਿਤੀ ਵਿਚ ਪਹੁੰਚ ਜਾਂਦਾ ਹੈ ਜਿਥੇ ਪਿੱਛੇ ਦੇਖਣ ’ਤੇ ਉਸਦਾ ਮੋਹ ਭਰਿਆ ਵਰਤਮਾਨ ਹੁੰਦਾ ਹੈ ਤੇ ਅੱਗੇ ਇਕ ਅਗੰਮੀ ਦੁਨੀਆ, ਜਿਸ ਵਿਚ ਜਗ੍ਹਾ ਪਾਉਣ ਲਈ ਉਸਨੇ ਕੁਝ ਨਹੀਂ ਕੀਤਾ ਹੁੰਦਾ।

ਮੌਤ ਜਦ ਸਿਰ ’ਤੇ ਆ ਖੜ੍ਹੀ ਹੋਵੇ, ਤਦ ਮੌਤ ਨੂੰ ਯਾਦ ਕਰਨ ਦਾ ਕੋਈ ਲਾਭ ਨਹੀਂ। ਮੌਤ ਨੂੰ ਯਾਦ ਕਰਨ ਦਾ ਸਮਾਂ ਉਸ ਤੋਂ ਪਹਿਲਾਂ ਹੈ— ਜਦੋਂ ਇਨਸਾਨ ਜ਼ੁਲਮ ਕਰਨ ਦੇ ਕਾਬਲ ਹੁੰਦਾ ਹੈ ਅਤੇ ਆਪਣੀ ਜ਼ਿਆਦਤੀ ਨੂੰ ਇਨਸਾਫ਼ ਦਾ ਨਾਮ ਦਿੰਦਾ ਹੈ। ਉਸ ਵੇਲੇ ਉਹ ਕੁਝ ਸੋਚਦਾ ਨਹੀਂ ਤੇ ਹਉਮੈ ਵਿਚ ਆ ਕੇ ਉਹ ਸਾਰਾ ਕੁਝ ਕਰਦਾ ਹੈ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ। ਪਰ ਜਦ ਤਾਕਤ ਖਤਮ ਹੋ ਜਾਂਦੀ ਹੈ, ਜਦ ਸ਼ਬਦ ਸਾਥ ਛੱਡ ਜਾਂਦੇ ਹਨ, ਜਦੋਂ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਮੌਤ ਦੇ ਬੇਰਹਿਮ ਫਰਿਸ਼ਤੇ ਦੇ ਕਬਜ਼ੇ ਵਿਚ ਹੈ, ਤਦ ਗਲਤੀਆਂ ਯਾਦ ਆਉਂਦੀਆਂ ਹਨ— ਹਾਲਾਂਕਿ ਯਾਦ ਕਰਨ ਦਾ ਸਮਾਂ ਉਹ ਸੀ, ਜਦ ਉਹ ਗਲਤੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਕਿਸੀ ਵੀ ਨਸੀਹਤ ਦੀ ਪਰਵਾਹ ਕਰਨ ਲਈ ਤਿਆਰ ਨਹੀਂ ਸੀ।

# ਪੰਜ ਸਕਿੰਟਾਂ ਦੀ ਦੂਰੀ

3 ਜੂਨ 1979 ਨੂੰ ਇਨ੍ਹਾਂ ਪੰਕਤੀਆਂ ਦਾ ਲੇਖਕ ਮੇਰਠ ਵਿੱਚ ਸੀ। ਸ਼ਾਮ ਦਾ ਵੇਲਾ ਸੀ। ਮੈਂ ਅਤੇ ਮੌਲਾਨਾ ਸ਼ਕੀਲ ਅਹਿਮਦ ਕਾਸਮੀ ਸਦਰ ਬਾਜ਼ਾਰ ਦੀ ਸੜਕ ’ਤੇ ਇਕੱਠੇ ਤੁਰ ਰਹੇ ਸੀ।

ਉਸੇ ਵੇਲੇ ਅਚਾਨਕ ਇੱਕ ਘਟਨਾ ਵਾਪਰੀ। ਸਾਡੇ ਸਾਹਮਣੇ ਇੱਕ ਮਕਾਨ ਦਾ ਅੱਗਲਾ ਹਿੱਸਾ ਧਮਾਕੇ ਨਾਲ ਡਿੱਗ ਪਿਆ। ਇੱਟਾਂ-ਰੋੜੇ ਸੜਕ ’ਤੇ ਫੈਲ ਗਏ। ਉਸ ਸਮੇਂ ਅਸੀਂ ਦੋਵੇਂ ਘਟਨਾ-ਸਥਲ ਤੋਂ ਮੁਸ਼ਕਿਲ ਨਾਲ ਪੰਜ ਸਕਿੰਟਾਂ ਦੀ ਦੂਰੀ ’ਤੇ ਸੀ। ਜੇ ਅਸੀਂ ਪੰਜ ਸਕਿੰਟ ਪਹਿਲਾਂ ਅੱਗੇ ਹੁੰਦੇ ਜਾਂ ਮਕਾਨ ਪੰਜ ਸਕਿੰਟ ਬਾਅਦ ਡਿੱਗਦਾ ਤਾਂ ਨਿਸ਼ਚਿਤ ਤੌਰ ’ਤੇ ਅਸੀਂ ਦੋਵੇਂ ਉਸ ਦੇ ਹੇਠਾਂ ਆ ਜਾਂਦੇ। ਸਾਡਾ ਸਫ਼ਰ ਸ਼ਾਇਦ ਉਥੇ ਹੀ ਮੁੱਕ ਜਾਂਦਾ, ਜਿਸ ਦੀ ਮੰਜ਼ਿਲ ਅਸੀਂ ਬਹੁਤ ਅੱਗੇ ਸਮਝੀ ਹੋਈ ਸੀ।

ਮੈਂ ਸੋਚਿਆ ਇਨਸਾਨ ਅਤੇ ਉਸ ਦੀ ਮੌਤ ਦੇ ਵਿਚਕਾਰ ਸਿਰਫ਼ “ਪੰਜ ਸਕਿੰਟਾਂ” ਦੀ ਦੂਰੀ ਹੈ। ਮਨੁੱਖ ਲਈ ਹਰ ਪਲ ਇਹ ਅੰਦੇਸ਼ਾ ਹੈ ਕਿ ਉਸ ਦੀ ਪੰਜ ਸਕਿੰਟਾਂ ਦੀ ਯਾਤਰਾ ਪੂਰੀ ਹੋ ਜਾਵੇ ਅਤੇ ਅਚਾਨਕ ਉਹ ਆਪਣੇ ਆਪ ਨੂੰ ਦੂਜੀ ਦੁਨੀਆ ਵਿੱਚ ਪਾਵੇ।

ਜੇ ਮਨੁੱਖ ਇਹ ਗੱਲ ਚੰਗੀ ਤਰ੍ਹਾਂ ਸਮਝ ਲਏ ਕਿ ਉਸ ਦੇ ਅਤੇ ਮੌਤ ਦੇ ਵਿਚਕਾਰ ਸਿਰਫ਼ ਪੰਜ ਸਕਿੰਟਾਂ ਦੀ ਦੂਰੀ ਹੈ, ਤਾਂ ਉਸ ਦੀ ਦੁਨੀਆ ਪੂਰੀ ਤਰ੍ਹਾਂ ਬਦਲ ਜਾਵੇ। ਉਹ ਇਕ ਨਵੇਂ ਕਿਸਮ ਦਾ ਇਨਸਾਨ ਬਣ ਜਾਵੇ। ਉਹ ਦੁਨੀਆ ਵਿੱਚ ਰਹਿੰਦਿਆਂ ਹੋਇਆਂ ਅਖ਼ਿਰਤ (ਪਰਲੋਕ) ਵਿਚ ਜੀਉਣ ਲੱਗ ਪਵੇ। ਜ਼ਿੰਦਗੀ ਦਾ ਰਾਜ਼ ਇਹ ਹੈ ਕਿ ਮਨੁੱਖ ਇਹ ਸਮਝ ਲਏ ਕਿ ਉਹ ਹਰ ਵੇਲੇ ਮੌਤ ਦੇ ਕੰਢੇ ਖੜ੍ਹਾ ਹੈ— ਉਹ ਮੌਤ ਜਿਸ ਤੋਂ ਬਾਅਦ, ਹਦੀਸ ਦੇ ਸ਼ਬਦਾਂ ਅਨੁਸਾਰ, ਇਨਸਾਨ ਜਾਂ ਤਾਂ ਜੰਨਤ ਦੇ ਬਾਗਾਂ ਵਿੱਚੋਂ ਕਿਸੇ ਇੱਕ ਬਾਗ ਵਿੱਚ ਦਾਖ਼ਲ ਹੁੰਦਾ ਹੈ ਜਾਂ ਦੋਜ਼ਖ ਦੇ ਖੱਡਿਆਂ ਵਿੱਚੋਂ ਕਿਸੇ ਇੱਕ ਖੱਡੇ ਵਿੱਚ ਡਿੱਗ ਪੈਂਦਾ ਹੈ। ਮਨੁੱਖ ਦਾ ਹਰ ਕਦਮ ਉਸ ਨੂੰ ਦੋ ਸਭ ਤੋਂ ਵੱਡੇ ਅੰਜਾਮਾਂ ਵਿੱਚੋਂ ਕਿਸੇ ਇੱਕ ਦੇ ਨੇੜੇ ਲੈ ਜਾ ਰਿਹਾ ਹੈ, ਪਰ ਇਨਸਾਨ ਇੰਨਾ ਅਣਜਾਣ ਤੇ ਅਗਿਆਤ ਬਣਿਆ ਹੋਇਆ ਹੈ ਕਿ ਉਸ ਨੂੰ ਇਸ ਦੀ ਖ਼ਬਰ ਹੀ ਨਹੀਂ।

ਲੋਕ ਝੂਠੀ ਖੁਦਾਪ੍ਰਸਤੀ (ਆਸਤਿਕਤਾ) ’ਤੇ ਭਰੋਸਾ ਕਰੀ ਬੈਠੇ ਹਨ, ਹਾਲਾਂਕਿ ਅਖ਼ਿਰਤ ਵਿੱਚ ਸਿਰਫ਼ ਹਕੀਕੀ ਖੁਦਾਪ੍ਰਸਤੀ ਹੀ ਮਨੁੱਖ ਦੇ ਕੰਮ ਆਵੇਗੀ। ਹਕੀਕੀ ਖੁਦਾਪ੍ਰਸਤੀ ਇਹ ਹੈ ਕਿ ਇਨਸਾਨ ਅੱਲਾਹ ਤੋਂ ਇਸ ਤਰ੍ਹਾਂ ਡਰਣ ਲੱਗ ਪਵੇ ਕਿ ਉਹ ਉਸ ਦੇ ਮਨ ’ਤੇ ਛਾ ਜਾਵੇ। ਖੁਦਾ ਮਨੁੱਖ ਦੀ ਸਵੇਰ-ਸ਼ਾਮ ਦਾ ਨਿਗਰਾਨ ਬਣ ਜਾਵੇ। ਉਹ ਜੋ ਕੁਝ ਵੀ ਕਰੇ, ਇਹ ਸਮਝ ਕੇ ਕਰੇ ਕਿ ਉਹ ਖੁਦਾ ਦੇ ਸਾਹਮਣੇ, ਖੁਦਾ ਦੀ ਹਾਜ਼ਰੀ ਵਿੱਚ ਕਰਮ ਕਰ ਰਿਹਾ

ਹੈ। ਉਸ ਨੂੰ ਦੁਨੀਆ ਨਾਲੋਂ ਵੱਧ ਅਖ਼ਿਰਤ (ਅਗੰਮੀ ਦੁਨੀਆ) ਦੀ ਚਿੰਤਾ ਸਤਾਉਣ ਲੱਗ ਪਵੇ।

# ਕਿੰਨੀ ਅਜੀਬ ਮਹਰੂਮੀ

ਤੁਸੀਂ ਕਿਸੇ ਵਿਅਕਤੀ ਨੂੰ ਇੱਕ ਡਾਲਰ ਦਿਓ ਅਤੇ ਉਸ ਨੂੰ ਕਹੋ ਕਿ ਅੱਗੇ ਇਸੇ ਤਰ੍ਹਾਂ ਦੇ ਇੱਕ ਕਰੋੜ ਸਿੱਕੇ ਪਏ ਹਨ। ਜੇ ਤੂੰ ਤੇਜ਼ੀ ਨਾਲ ਜਾਵੇਂ ਤਾਂ ਪੂਰਾ ਖ਼ਜ਼ਾਨਾ ਹਾਸਲ ਕਰ ਸਕਦਾ ਹੈ। ਐਸਾ ਵਿਅਕਤੀ ਡਾਲਰ ਨੂੰ ਵੇਖ ਕੇ ਕੀ ਕਰੇਗਾ? ਉਹ ਇੱਕ ਨੂੰ ਭੁੱਲ ਕੇ ਇੱਕ ਕਰੋੜ ਵੱਲ ਦੌੜ ਪਵੇਗਾ।

ਇਹੀ ਹਾਲ ਦੁਨੀਆ ਅਤੇ ਅਖ਼ਿਰਤ (ਅਗੰਮੀ ਦੁਨੀਆ) ਦਾ ਹੈ। ਮੌਜੂਦਾ ਦੁਨੀਆ ਅਖ਼ਿਰਤ ਦੀ ਨਿਸ਼ਾਨੀ ਹੈ। ਇੱਥੇ ਮਨੁੱਖ ਉਨ੍ਹਾਂ ਨਿਆਮਤਾਂ ਅਤੇ ਸੁੱਖ-ਸਹੂਲਤਾਂ ਦੀ ਸ਼ੁਰੂਆਤੀ ਝਲਕ ਹਾਸਲ ਕਰਦਾ ਹੈ, ਜਿਨ੍ਹਾਂ ਨੂੰ ਖ਼ੁਦਾ ਨੇ ਪੂਰੀ ਤਰ੍ਹਾਂ ਅਖ਼ਿਰਤ ਵਿੱਚ ਰੱਖਿਆ ਹੋਇਆ ਹੈ। ਇਹ ਇਸ ਲਈ ਹੈ ਤਾਂ ਜੋ ਮਨੁੱਖ ਅੰਸ਼ ਮਾਤਰ ਤੋਂ ਸੰਪੂਰਨਤਾ ਨੂੰ ਸਮਝ ਸਕੇ, ਬੂੰਦ ਨੂੰ ਵੇਖ ਕੇ ਸਮੁੰਦਰ ਦਾ ਅੰਦਾਜ਼ਾ ਲਾ ਸਕੇ।

ਜੇ ਮਨੁੱਖ ਨੂੰ ਦੁਨੀਆ ਦੀ ਸਹੀ ਪਹਿਚਾਣ ਆ ਜਾਵੇ, ਤਾਂ ਉਸ ਲਈ ਦੁਨੀਆ ਉਪਰੋਕਤ ਇੱਕ ਡਾਲਰ ਵਰਗੀ ਬਣ ਜਾਵੇਗੀ। ਉਹ ਛੋਟੇ ਸੁੱਖਾਂ ਨੂੰ ਛੱਡ ਕੇ ਵੱਡੇ ਸੁੱਖਾਂ ਵੱਲ ਦੌੜ ਪਵੇਗਾ। ਇਸ ਦੇ ਉਲਟ, ਜੋ ਵਿਅਕਤੀ ਦੁਨੀਆ ਦੀ ਅਸਲੀ ਹਕੀਕਤ ਅਤੇ ਉਸ ਦੀ ਸਥਿਤੀ ਨੂੰ ਨਹੀਂ ਸਮਝਦਾ, ਉਹ ਮੌਜੂਦਾ ਦੁਨੀਆ ਨੂੰ ਹੀ ਸਭ ਕੁਝ ਸਮਝ ਬੈਠਦਾ ਹੈ। ਉਹ ਅਖ਼ਿਰਤ ਨੂੰ ਭੁੱਲ ਕੇ ਇਸੇ ਦੁਨੀਆ ਦੀਆਂ ਚੀਜ਼ਾਂ ਵਿੱਚ ਤਨ-ਮਨ ਨਾਲ ਖਚਿਤ ਹੋ ਜਾਂਦਾ ਹੈ।

ਸੂਰਜ ਇਸ ਲਈ ਹੈ ਕਿ ਉਹ ਇਨਸਾਨ ਨੂੰ ਅਖ਼ਿਰਤ ਦੀ ਰੌਸ਼ਨੀ ਨਾਲ ਭਰੀ ਜ਼ਿੰਦਗੀ ਤੋਂ ਜਾਣੂ ਕਰਾਵੇ, ਪਰ ਇਨਸਾਨ ਸੂਰਜ ਨੂੰ ਵੇਖ ਕੇ ਖ਼ੁਦ ਸੂਰਜ ਨੂੰ ਹੀ ਆਪਣਾ ਖ਼ੁਦਾ-ਇਸ਼ਵਰ ਬਣਾ ਲੈਂਦੇ ਹੈ। ਫੁੱਲਾਂ ਅਤੇ ਦਰੱਖ਼ਤਾਂ ਦੀ ਸੁੰਦਰਤਾ ਇਸ ਲਈ ਹੈ ਕਿ ਉਹ ਇਨਸਾਨ ਨੂੰ ਅਖ਼ਿਰਤ ਦੇ ਹੁਸਨ ਦੀ ਯਾਦ ਦਵਾਏ, ਪਰ ਇਨਸਾਨ ਉਨ੍ਹਾਂ ਨੂੰ ਹੀ ਆਖ਼ਰੀ ਮੰਜ਼ਿਲ ਸਮਝ ਕੇ ਉਨ੍ਹਾਂ

ਵਿਚਕਾਰ ਆਪਣੀ ਸਦੀਵੀ ਜੰਨਤ ਬਣਾਉਣ ਲੱਗ ਪੈਂਦਾ ਹੈ। ਦੁਨੀਆ ਦੀਆਂ ਸੁੱਖ-ਸਹੂਲਤਾਂ ਇਸ ਲਈ ਹਨ ਕਿ ਇਨਸਾਨ ਤਨ-ਮਨ ਨਾਲ ਅਖ਼ਿਰਤ ਦਾ ਇੱਛੁਕ ਬਣੇ, ਪਰ ਇਨਸਾਨ ਉਨ੍ਹਾਂ ਸੁੱਖਾਂ ਵਿੱਚ ਇਸ ਕਦਰ ਡੁੱਬ ਜਾਂਦਾ ਹੈ ਕਿ ਉਸ ਨੂੰ ਅਖ਼ਿਰਤ ਦੀ ਯਾਦ ਹੀ ਨਹੀਂ ਰਹਿੰਦੀ।

ਜੋ ਵਿਅਕਤੀ ਮੌਜੂਦਾ ਦੁਨੀਆ ਦੀਆਂ ਦਿਲ-ਫਰੇਬੀਆਂ ਵਿੱਚ ਗੁੰਮ ਹੋ ਗਿਆ, ਸਮਝੋ ਉਸ ਨੇ ਆਪਣੀ ਅਖ਼ਿਰਤ ਗੁਆ ਲਈ। ਅਜਿਹਾ ਵਿਅਕਤੀ ਜਦੋਂ ਅਖ਼ਿਰਤ ਵਿੱਚ ਪਹੁੰਚੇਗਾ ਅਤੇ ਉੱਥੇ ਦੀਆਂ ਸਦੀਵੀ ਨਿਆਮਤਾਂ ਨੂੰ ਵੇਖੇਗਾ, ਤਾਂ ਉਸ ਦੀ ਹਾਲਤ ਇਹ ਹੋਵੇਗੀ ਜਿਵੇਂ ਉਸ ਦਾ ਸੀਨਾ ਹਸਰਤਾਂ ਅਤੇ ਨਿਰਾਸ਼ਾਵਾਂ ਦਾ ਕਬਰਿਸਤਾਨ ਬਣ ਗਿਆ ਹੋਵੇ। ਉਹ ਕਹੇਗਾ— ਮੈਂ ਵੀ ਕਿੰਨਾ ਨਾਦਾਨ ਸੀ। ਝੂਠੇ ਐਸ਼ੋ-ਆਰਾਮ ਲਈ ਮੈਂ ਅਸਲੀ ਐਸ਼ੋ-ਆਰਾਮ ਗੁਆ ਬੈਠਾ, ਝੂਠੀਆਂ ਸਹੂਲਤਾਂ ਦੇ ਪਿੱਛੇ ਮੈਂ ਹਕੀਕੀ ਸਹੂਲਤਾਂ ਗਵਾ ਬੈਠਾ, ਮੈਂ ਝੂਠੀ ਆਜ਼ਾਦੀ ਦੇ ਧੋਖੇ ਵਿੱਚ ਆ ਕੇ ਆਪਣੇ ਆਪ ਨੂੰ ਅਸਲ ਆਜ਼ਾਦੀ ਤੋਂ ਮਹਰੂਮ ਕਰ ਲਿਆ।

# ਅੰਤ ਤੱਕ ਜਾਣਾ ਹੈ

ਮੌਲਾਨਾ ਅਸ਼ਰਫ਼ ਅਲੀ ਥਾਨਵੀ ਇੱਕ ਵਾਰ ਰੇਲਗੱਡੀ ਵਿੱਚ ਸਫ਼ਰ ਕਰ ਰਹੇ ਸਨ। ਉਨ੍ਹਾਂ ਨੇ ਆਜ਼ਮਗੜ੍ਹ ਜਾਣਾ ਸੀ। ਇੱਕ ਰੇਲਵੇ ਗਾਰਡ, ਜੋ ਉਨ੍ਹਾਂ ਦਾ ਮੁਰੀਦ ਸੀ, ਸਟੇਸ਼ਨ 'ਤੇ ਉਨ੍ਹਾਂ ਨੂੰ ਮਿਲਣ ਆਇਆ।

ਇਸ ਦੌਰਾਨ ਇੱਕ ਦੇਹਾਤੀ ਆਦਮੀ ਵੀ ਆ ਗਿਆ। ਉਸ ਨੇ ਗੰਨੇ ਦੀ ਇੱਕ ਗੱਠ ਤੋਹਫ਼ੇ ਵਜੋਂ ਮੌਲਾਨਾ ਨੂੰ ਭੇਟ ਕੀਤੀ। ਮੌਲਾਨਾ ਨੇ ਕਬੂਲ ਕਰ ਲਿਆ ਅਤੇ ਆਪਣੇ ਸਾਥੀ ਨੂੰ ਕਿਹਾ ਕਿ ਗੰਨਿਆਂ ਦਾ ਵਜ਼ਨ ਕਰਵਾ ਕੇ ਇਹਨਾਂ ਨੂੰ ਬੁਕ ਕਰਵਾ ਦਿਓ। ਗਾਰਡ ਨੇ ਕਿਹਾ, "ਬੁਕ ਕਰਵਾਉਣ ਦੀ ਕੀ ਲੋੜ ਹੈ? ਇਸ ਟ੍ਰੇਨ ਨਾਲ ਜੋ ਗਾਰਡ ਜਾ ਰਿਹਾ ਹੈ, ਮੈਂ ਉਸ ਨੂੰ ਕਹਿ ਦੇਵਾਂਗਾ, ਉਹ ਖ਼ਿਆਲ ਰੱਖ ਲਵੇਗਾ।" ਮੌਲਾਨਾ ਨੇ ਕਿਹਾ, "ਤੁਹਾਡਾ ਗਾਰਡ ਤਾਂ ਇਸੇ ਟ੍ਰੇਨ ਤੱਕ ਹੀ ਮੇਰੇ ਨਾਲ ਰਹੇਗਾ, ਮੈਨੂੰ ਅੱਗੇ ਵੀ ਜਾਣਾ ਹੈ।" ਗਾਰਡ ਨੇ ਸਮਝਿਆ ਕਿ ਮੌਲਾਨਾ ਨੇ ਅੱਗੇ ਕਿਸੇ ਸਟੇਸ਼ਨ 'ਤੇ ਟ੍ਰੇਨ ਬਦਲ ਕੇ ਕੋਈ ਦੂਜੀ ਟ੍ਰੇਨ ਫੜਨੀ

ਹੈ। ਉਸ ਨੇ ਕਿਹਾ, "ਕੋਈ ਗੱਲ ਨਹੀਂ, ਮੈਂ ਗਾਰਡ ਨੂੰ ਕਹਿ ਦੇਵਾਂਗਾ, ਉਹ ਅੱਗਲੀ ਟ੍ਰੈਨ ਵਿਚਲੇ ਗਾਰਡ ਨੂੰ ਵੀ ਦੱਸ ਦੇਵੇਗਾ, ਤੁਹਾਨੂੰ ਕੋਈ ਔਖ ਨਹੀਂ ਹੋਵੇਗੀ।" ਮੌਲਾਨਾ ਨੇ ਕਿਹਾ, "ਮੈਨੂੰ ਉਸ ਤੋਂ ਵੀ ਅੱਗੇ ਜਾਣਾ ਹੈ।" ਗਾਰਡ ਨੇ ਹੈਰਾਨ ਹੋ ਕੇ ਪੁੱਛਿਆ, "ਆਖ਼ਰ ਤੁਸੀਂ ਕਿੱਥੇ ਤੱਕ ਜਾਣਾ ਹੈ? ਹੁਣੇ ਤਾਂ ਤੁਸੀਂ ਕਿਹਾ ਸੀ ਕਿ ਆਜ਼ਮਗੜ੍ਹ ਜਾਣਾ ਹੈ।" ਮੌਲਾਨਾ ਨੇ ਬਹੁਤ ਮੁਸ਼ਕਲ ਨਾਲ ਚੁੱਪ ਤੋੜਦੇ ਹੋਏ ਕਿਹਾ, "ਮੈਨੂੰ ਅਖ਼ਿਰਤ ਤੱਕ ਜਾਣਾ ਹੈ। ਉੱਥੇ ਤੱਕ ਕਿਹੜਾ ਗਾਰਡ ਮੇਰੇ ਨਾਲ ਜਾਵੇਗਾ?"

ਇਹ ਮਾਮਲਾ ਸਿਰਫ਼ ਰੇਲ ਦੇ ਸਫ਼ਰ ਤਕ ਸੀਮਤ ਨਹੀਂ, ਸਗੋਂ ਸਾਰੇ ਮਾਮਲਿਆਂ ਨਾਲ ਸੰਬੰਧਤ ਹੈ। ਇਨਸਾਨ ਦਾ ਹਰ ਮਾਮਲਾ ਅਖ਼ਿਰਤ ਨਾਲ ਜੁੜਿਆ ਹੋਇਆ ਹੈ। ਦੁਨੀਆ ਵਿੱਚ ਕੋਈ "ਗਾਰਡ" ਛਿਣ-ਪਲ ਲਈ ਤੁਹਾਡਾ ਸਾਥ ਦੇ ਸਕਦਾ ਹੈ, ਪਰ ਅਖ਼ਿਰਤ ਦੀ ਮੰਜ਼ਿਲ 'ਤੇ ਪਹੁੰਚ ਕੇ ਕੋਈ ਵੀ ਗਾਰਡ ਨਾਲ ਨਹੀਂ ਹੁੰਦਾ। ਜਿਸ ਦਾ ਜ਼ਹਿਨ ਇਹ ਹੋਵੇ ਕਿ ਮੈਨੂੰ ਅਖ਼ਿਰਤ ਤੱਕ ਜਾਣਾ ਹੈ, ਉਹ ਹਰ ਉਸ ਚੀਜ਼ ਨੂੰ ਬੇਮੁੱਲ ਸਮਝੇਗਾ ਜੋ ਅਖ਼ਿਰਤ ਵਿੱਚ ਬੇਮੁੱਲ ਹੋਣ ਵਾਲੀ ਹੈ, ਭਾਵੇਂ ਅੱਜ ਉਹ ਕਿੰਨੀ ਹੀ ਕੀਮਤੀ ਕਿਉਂ ਨਾ ਨਜ਼ਰ ਆਵੇ। ਇਸੇ ਤਰ੍ਹਾਂ ਉਹ ਹਰ ਉਸ ਚੀਜ਼ ਨੂੰ ਵਜ਼ਨਦਾਰ ਮੰਨਦਾ ਹੈ ਜੋ ਅਖ਼ਿਰਤ ਵਿੱਚ ਵਜ਼ਨਦਾਰ ਸਾਬਿਤ ਹੋਣ ਵਾਲੀ ਹੈ, ਫਿਰ ਭਾਵੇਂ ਅੱਜ ਦੀ ਦੁਨੀਆ ਵਿੱਚ ਉਹ ਬਿਲਕੁਲ ਬੇਵਜ਼ਨ ਕਿਉਂ ਨਾ ਦਿੱਸੇ।

ਇਨਸਾਨ ਅੱਜ ਸੁਹਣੇ ਸ਼ਬਦਾਂ ਦੇ ਭੰਡਾਰ ਨਾਲ ਹੱਕ ਦਾ ਇਨਕਾਰ ਕਰ ਲੈਂਦਾ ਹੈ, ਪਰ ਅਖ਼ਿਰਤ ਵਿੱਚ ਉਸ ਨੂੰ ਪਤਾ ਲੱਗੇਗਾ ਕਿ ਇਹ ਸ਼ਬਦ ਉਸ ਦਾ ਸਾਥ ਛੱਡ ਕੇ ਕਿਤੇ ਪਿੱਛੇ ਹੀ ਰਹਿ ਗਏ ਹਨ। ਇਨਸਾਨ ਤਾਕਤ ਦੇ ਸਿਰ 'ਤੇ ਬੇਇਨਸਾਫ਼ੀ ਤੇ ਜ਼ੁਲਮ ਕਰਦਾ ਹੈ ਅਤੇ ਖੁਸ਼ ਹੁੰਦਾ ਹੈ ਕਿ ਮਜ਼ਲੂਮ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਪਰ ਅਖ਼ਿਰਤ ਵਿੱਚ ਉਹ ਵੇਖੇਗਾ ਕਿ ਉਸ ਦੀ ਤਾਕਤ ਪਿੱਛਲੀ ਦੁਨੀਆ ਵਿੱਚ ਰਹਿ ਗਈ ਹੈ ਅਤੇ ਆਖਿਰਤ ਵਿਚ ਉਹ ਤਾਕਤ ਉਸ ਦਾ ਸਾਥ ਦੇਣ ਲਈ ਮੌਜੂਦ ਨਹੀਂ ਹੈ। ਇਨਸਾਨ ਦੇ ਸਾਜ਼ੋ-ਸਾਮਾਨ ਉਸ ਨੂੰ ਧੋਖਾ ਦੇ ਜਾਂਦੇ ਹਨ ਅਤੇ ਉਹ ਅਹੰਕਾਰ ਦਾ ਮੀਨਾਰ ਖੜ੍ਹਾ ਕਰ ਲੈਂਦਾ ਹੈ। ਪਰ ਅਖ਼ਿਰਤ ਵਿੱਚ ਉਹ ਪਾਵੇਗਾ ਕਿ ਉਹ ਸਾਰੀ ਸੰਪਤੀ, ਜਿਸ 'ਤੇ ਉਹ ਮਾਣ ਕਰਦਾ ਸੀ, ਉਸ ਤੋਂ ਬਹੁਤ ਦੂਰ ਹੋ ਚੁੱਕੀ ਹੈ। ਮੋਮਿਨ ਅਤੇ ਗੈਰ-ਮੋਮਿਨ ਦਾ ਫ਼ਰਕ ਇਕ ਸ਼ਬਦ ਵਿੱਚ ਇਹ ਹੈ ਕਿ ਗੈਰ-ਮੋਮਿਨ ਇਸ ਸੋਚ ਨਾਲ ਜੀਉਂਦਾ ਹੈ ਕਿ ਉਸ ਨੂੰ ਅਖ਼ਿਰਤ ਤੱਕ ਜਾਣਾ ਹੈ। ਇਸ ਸੋਚ ਦਾ

ਫ਼ਰਕ ਦੋਹਾਂ ਦੀ ਜ਼ਿੰਦਗੀ ਵਿੱਚ ਇੰਨਾ ਵੱਡਾ ਅੰਤਰ ਪੈਦਾ ਕਰ ਦਿੰਦਾ ਹੈ ਕਿ ਇੱਕ ਦੋਜ਼ਖ ਦਾ ਹਿੱਸੇਦਾਰ ਬਣਦਾ ਹੈ ਅਤੇ ਦੂਜਾ ਜੰਨਤ ਦਾ।

# ਜ਼ਿੰਦਗੀ ਦਾ ਮੰਚ

ਹੈਦਰਾਬਾਦ ਦੀ ਇੱਕ ਘਟਨਾ ਹੈ। 21 ਸਤੰਬਰ 1981 ਨੂੰ ਮਿਸਟਰ ਬੀ.ਕੇ. ਰਾਮਾਰੇੱਡੀ (ਉਮਰ 90 ਸਾਲ) ਅਤੇ ਉਨ੍ਹਾਂ ਦੀ 80 ਸਾਲਾ ਪਤਨੀ ਫੂਲਾ ਬਾਈ ਰਾਤ ਵੇਲੇ ਆਪਣੇ ਘਰ ਬੰਜਾਰਾ ਹਿਲਜ਼ ਵਿੱਚ ਸੋ ਰਹੇ ਸਨ। ਉਨ੍ਹਾਂ ਤੋਂ ਇਲਾਵਾ ਘਰ ਵਿੱਚ ਉਸ ਵੇਲੇ ਸਿਰਫ਼ ਉਨ੍ਹਾਂ ਦਾ ਨੌਕਰ ਰਮਈਆ (ਉਮਰ 50 ਸਾਲ) ਸੀ। ਰਮਈਆ ਨੇ ਸੁੱਤੇ ਪਏ ਬੁਜ਼ੁਰਗ ਜੋੜੇ ’ਤੇ ਕੁਲ੍ਹਾੜੀ ਨਾਲ ਹਮਲਾ ਕੀਤਾ ਅਤੇ ਬੜੀ ਬੇਦਰਦੀ ਨਾਲ ਦੋਵਾਂ ਦੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਨੌਕਰ ਨੇ ਬਕਸੇ ਵਿੱਚੋਂ ਲਗਭਗ ਇੱਕ ਲੱਖ ਰੁਪਏ ਦੇ ਹੀਰੇ ਅਤੇ ਗਹਿਣੇ ਚੁਰਾ ਲਏ ਅਤੇ ਰਾਤ ਦੇ ਹਨੇਰੇ ਵਿੱਚ ਫ਼ਰਾਰ ਹੋ ਗਿਆ।

ਰਾਹ ਵਿੱਚ ਉਹ ਇੱਕ ਐਸੀ ਥਾਂ ਪਹੁੰਚਿਆ ਜਿੱਥੇ ਪੁਲਿਸ ਦੇ ਦੋ ਸਿਪਾਹੀ ਰਾਤ ਦੀ ਡਿਊਟੀ ’ਤੇ ਪਹਰਾ ਦੇ ਰਹੇ ਸਨ। ਉਨ੍ਹਾਂ ਨੂੰ ਸ਼ੱਕ ਹੋਇਆ, ਇਸ ਲਈ ਉਨ੍ਹਾਂ ਨੇ ਰਮਈਆ ਨੂੰ ਫੜ ਲਿਆ। ਪੁੱਛਗਿੱਛ ਅਤੇ ਡਰਾਉਣ-ਧਮਕਾਉਣ ਤੋਂ ਬਾਅਦ ਉਸ ਨੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਚੋਰੀ ਕੀਤਾ ਮਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਵਾਲੇ ਰਮਈਆ ਅਤੇ ਬਰਾਮਦ ਕੀਤੇ ਮਾਲ ਨੂੰ ਥਾਣੇ ਲੈ ਜਾ ਕੇ ਜਮ੍ਹਾਂ ਕਰਵਾ ਆਏ। ਉਨ੍ਹਾਂ ਦੋ ਸਿਪਾਹੀਆਂ ਦੇ ਨਾਮ ਸ਼ੇਖ ਮਹਬੂਬ ਅਤੇ ਐਸ.ਐਮ. ਰਸ਼ੀਦ ਦੱਸੇ ਗਏ।

ਜਦੋਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਹ ਸ਼ੇਖ ਮਹਬੂਬ ਅਤੇ ਐਸ.ਐਮ. ਰਸ਼ੀਦ ਦੀ ਬਹਾਦਰੀ ਅਤੇ ਇਮਾਨਦਾਰੀ ਤੋਂ ਬਹੁਤ ਖ਼ੁਸ਼ ਹੋਏ। ਇਸਤੋਂ ਬਾਅਦ ਦੋਹਾਂ ਨੂੰ ਨਕਦ ਇਨਾਮ ਦਿੱਤੇ ਗਏ ਅਤੇ ਨਾਲ ਹੀ ਤਰੱਕੀ ਵੀ ਮਿਲੀ। ਸ਼ੇਖ ਮਹਬੂਬ ਨੂੰ ਸਟੇਸ਼ਨ ਅਫ਼ਸਰ ਨਿਯੁਕਤ ਕੀਤਾ ਗਿਆ ਅਤੇ ਐਸ.ਐਮ. ਰਸ਼ੀਦ ਨੂੰ ਹੈੱਡ ਕਾਂਸਟੇਬਲ ਬਣਾਇਆ ਗਿਆ।

ਇਹ ਇੱਕ ਮਿਸਾਲ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇੱਕੋ ਘਟਨਾ

ਇੱਕੋ ਸਮੇਂ ਦੋ ਵਿਅਕਤੀਆਂ ਲਈ ਦੋ ਅਰਥ ਰੱਖ ਸਕਦੀ ਹੈ। ਇੱਕੋ ਘਟਨਾ ਕਾਰਣ ਇੱਕ ਨੂੰ ਪੁਰਸਕਾਰ ਮਿਲਦਾ ਹੈ ਅਤੇ ਦੂਜੇ ਨੂੰ ਸਜ਼ਾ। ਇੱਕ ਵਿਅਕਤੀ ਕਾਤਲ ਸਾਬਤ ਹੋ ਕੇ ਜੇਲ੍ਹ ਪਹੁੰਚਦਾ ਹੈ ਅਤੇ ਦੂਜੇ ਦੀ ਇਮਾਨਦਾਰੀ ਅਤੇ ਬਹਾਦਰੀ ਨੂੰ ਦੇਖਦਿਆਂ ਹੋਇਆਂ ਉਸ ਨੂੰ ਇਨਾਮਾਂ ਨਾਲ ਨਿਵਾਜਿਆ ਜਾਂਦਾ ਹੈ।

ਦੁਨੀਆ ਵਿੱਚ ਜਿੰਨੀਆਂ ਵੀ ਘਟਨਾਵਾਂ ਹੁੰਦੀਆਂ ਹਨ, ਸਭ ਦਾ ਇਹੀ ਪਰਿਪੇਖ ਹੁੰਦਾ ਹੈ। ਇੱਥੇ ਕਿਸੇ ਕੋਲ ਕੋਈ ਅਧਿਕਾਰ ਨਹੀਂ। ਇੱਥੇ ਕੋਈ ਕਿਸੇ ਨੂੰ ਨਾ ਫਾਇਦਾ ਪਹੁੰਚਾ ਸਕਦਾ ਹੈ, ਨਾ ਨੁਕਸਾਨ, ਨਾ ਕੋਈ ਕਿਸੇ ਨੂੰ ਜ਼ਿੰਦਗੀ ਦੇ ਸਕਦਾ ਹੈ, ਨਾ ਮੌਤ—ਭਾਵੇਂ ਇਹ ਸਭ ਕੁਝ ਦਿਖਣ ਵਿੱਚ ਇੱਕ ਦੂਜੇ ਦੇ ਹੱਥੋਂ ਹੋ ਰਿਹਾ ਹੋਵੇ। ਦੁਨੀਆ ਇੱਕ ਤਰ੍ਹਾਂ ਦਾ ਰੱਬੀ ਮੰਚ ਹੈ। ਇੱਥੇ ਵੱਖ-ਵੱਖ ਹਾਲਾਤ ਪੈਦਾ ਕਰ ਕੇ ਰੱਬ ਹਰ ਇੱਕ ਨੂੰ ਮੌਕਾ ਦਿੰਦਾ ਹੈ ਕਿ ਉਹ ਆਪਣੇ ਅੰਦਰ ਜੋ ਕੁਝ ਹੈ, ਉਸ ਨੂੰ ਖੁੱਲ੍ਹੇਆਮ ਜਾਹਿਰ ਕਰ ਦੇਵੇ। ਜਿਸ ਦੇ ਮਨ ਵਿੱਚ ਅਪਰਾਧੀ ਸੋਚ ਹੁੰਦੀ ਹੈ, ਉਹ ਆਪਣੇ ਅਨੁਕੂਲ ਹਾਲਾਤ ਮਿਲਣ ’ਤੇ ਜੁਰਮ ਕਰਦਾ ਹੈ ਅਤੇ ਰੱਬ ਦੇ ਕਾਨੂੰਨ ਮੁਤਾਬਕ ਸਜ਼ਾ ਦਾ ਹੱਕਦਾਰ ਬਣਦਾ ਹੈ ਅਤੇ ਜਿਸ ਦੇ ਅੰਦਰ ਹੱਕਪਸੰਦੀ ਜਾਂ ਇਮਾਨਦਾਰੀ ਦੀ ਸੋਚ ਹੁੰਦੀ ਹੈ, ਉਹ ਆਪਣੇ ਅਨੁਕੂਲ ਹਾਲਾਤਾਂ ਵਿੱਚ ਹੱਕ ਅਤੇ ਇਨਸਾਫ਼ ਦਾ ਰਾਹ ਅਪਣਾਉਂਦਾ ਹੈ, ਤਾਂ ਜੋ ਉਹ ਇਨਾਮ ਅਤੇ ਕਦਰ ਦੇ ਯੋਗ ਬਣੇ।

# ਸੁਣਨ ਵਾਲਾ ਸੁਣ ਰਿਹਾ ਹੈ

ਅਮਰੀਕਾ ਦੇ ਖੁਫ਼ੀਆ ਵਿਭਾਗ (ਂ.ਸ਼.ਅ.) ਦੇ ਇੱਕ ਸਾਬਕਾ ਅਧਿਕਾਰੀ ਨੇ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਹੈ, ਜਿਸ ਦਾ ਨਾਮ *The Puzzle Palace* ਹੈ। ਇਸ ਕਿਤਾਬ ਵਿੱਚ ਲੇਖਕ ਨੇ ਕਈ ਦਿਲਚਸਪ ਰਾਜ਼ ਖੋਲ੍ਹੇ ਹਨ। ਉਨ੍ਹਾਂ ਵਿੱਚੋਂ ਇੱਕ ਉਦਾਹਰਨ ਇੱਥੇ ਦਿੱਤੀ ਜਾ ਰਹੀ ਹੈ।

ਅੰਦਾਜ਼ਾ ਲਗਾਇਆ ਗਿਆ ਹੈ ਕਿ ਅਮਰੀਕਾ ਤੋਂ ਭੇਜੇ ਜਾਣ ਵਾਲੇ ਟੈਲੀਫ਼ੋਨ, ਟੇਲੈਕਸ ਅਤੇ ਤਾਰ ਦੇ ਸੰਦੇਸ਼ਾਂ ਦੀ ਗਿਣਤੀ ਹਰ ਰੋਜ਼ ਦਸ ਲੱਖ ਤੋਂ ਵੀ ਵੱਧ ਹੁੰਦੀ ਹੈ। ਆਧੁਨਿਕ ਪ੍ਰਣਾਲੀ ਅਨੁਸਾਰ ਇਹ ਸੰਦੇਸ਼ ਪਹਿਲਾਂ

ਵਰਜੀਨੀਆ ਦੇ ਧਰਤੀ ਕੇਂਦਰ (Earth Station) ’ਤੇ ਪਹੁੰਚਦੇ ਹਨ। ਉੱਥੋਂ ਇਹ ਕ੍ਰਿਤ੍ਰਿਮ ਗ੍ਰਹਿਆਂ ਵੱਲ ਭੇਜੇ ਜਾਂਦੇ ਹਨ, ਜੋ ਧਰਤੀ ਤੋਂ ਲਗਭਗ 2300 ਮੀਲ ਉਚਾਈ ’ਤੇ ਘੁੰਮ ਰਹੇ ਹਨ। ਇਹ ਸਾਰੀ ਪ੍ਰਕਿਰਿਆ ਇਕ ਸਕਿੰਟ ਤੋਂ ਵੀ ਘੱਟ ਸਮੇਂ ਵਿੱਚ ਪੂਰੀ ਹੋ ਜਾਂਦੀ ਹੈ।

ਇਸ ਦਾ ਅਰਥ ਇਹ ਹੈ ਕਿ ਅਮਰੀਕਾ ਤੋਂ ਬਾਹਰ ਜਾਣ ਵਾਲਾ ਜਾਂ ਅਮਰੀਕਾ ਦੇ ਅੰਦਰ ਆਉਣ ਵਾਲਾ ਹਰ ਮਸ਼ੀਨੀ ਸੰਦੇਸ਼, ਆਪਣੇ ਅਸਲੀ ਪ੍ਰਾਪਤਕਰਤਾ ਤੱਕ ਪਹੁੰਚਣ ਤੋਂ ਪਹਿਲਾਂ ਅਮਰੀਕੀ ਸਰਕਾਰ ਤੱਕ ਪਹੁੰਚਦਾ ਹੈ। ਇਸ ਲਈ ਅਮਰੀਕਾ ਦਾ ਖੁਫ਼ੀਆ ਵਿਭਾਗ ਜਿਨ੍ਹਾਂ ਲੋਕਾਂ ਦੇ ਸੰਦੇਸ਼ ਜਾਣਨਾ ਚਾਹੁੰਦਾ ਹੈ, ਉਨ੍ਹਾਂ ਦੇ ਨੰਬਰ ਧਰਤੀ ਕੇਂਦਰ ਦੇ ਦਫ਼ਤਰ ਨੂੰ ਦੇ ਦਿੰਦਾ ਹੈ। ਇੱਥੇ ਉਨ੍ਹਾਂ ਲੋਕਾਂ ਦੀ ਗੱਲਬਾਤ ਅਤੇ ਸੰਦੇਸ਼ ਆਟੋਮੈਟਿਕ ਯੰਤਰਾਂ ਰਾਹੀਂ ਰਿਕਾਰਡ ਹੋ ਜਾਂਦੇ ਹਨ। ਮਤਲਬ ਇਹ ਕਿ ਜੇ ਤੁਸੀਂ ਵਾਸ਼ਿੰਗਟਨ ਤੋਂ ਦਿੱਲੀ ਫ਼ੋਨ ਕਰੋ ਤਾਂ ਤੁਹਾਡੇ ਬੋਲ ਇਸਤੋਂ ਪਹਿਲਾਂ ਕਿ ਤੁਹਾਡਾ ਸੰਬੋਧਿਤ ਵਿਅਕਤੀ ਸੁਣੇ, ਅਮਰੀਕੀ ਸਰਕਾਰ ਉਹ ਸੁਣ ਚੁੱਕੀ ਹੁੰਦੀ ਹੈ।

ਟਾਈਮਜ਼ ਆਫ਼ ਇੰਡੀਆ (19 ਦਸੰਬਰ 1982) ਦੇ ਅਮਰੀਕੀ ਸੰਵਾਦਦਾਤਾ ਨੇ ਇਸ ਬਾਬਤ ਰਿਪੋਰਟ ਪ੍ਰਕਾਸ਼ਿਤ ਕਰਦੇ ਹੋਏ ਇਸ ਨੂੰ ਇਹ ਸਿਰਲੇਖ ਦਿੱਤਾ:

“Careful, Uncle Same may be listening.” (ਸਾਵਧਾਨ! ਹੋ ਸਕਦਾ ਹੈ ਅਮਰੀਕਾ ਤੁਹਾਡੀ ਗੱਲ ਸੁਣ ਰਿਹਾ ਹੋਵੇ।)

ਇਸ ਤਰ੍ਹਾਂ ਦੀਆਂ ਘਟਨਾਵਾਂ ਰੱਬ ਦੀਆਂ ਨਿਸ਼ਾਨੀਆਂ ਹਨ। ਇਹ ਇਸ ਲਈ ਵਾਪਰਦੀਆਂ ਹਨ ਤਾਂ ਜੋ ਇਨਸਾਨ ਆਪਣੀ ਜ਼ਬਾਨ ਬਹੁਤ ਸੰਭਲ ਕੇ ਵਰਤੇ। ਇਨਸਾਨ ਦੂਜੇ ਨਾਲ ਗਲਤ ਗੱਲ ਕਹਿ ਕੇ ਇਹ ਸੋਚਦਾ ਹੈ ਕਿ ਮੈਂ ਤਾਂ ਸਿਰਫ਼ ਇੱਕ ਵਿਅਕਤੀ ਨਾਲ ਗੱਲ ਕਰ ਰਿਹਾ ਹਾਂ, ਪਰ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੀ ਗੱਲ, ਸੰਬੋਧਿਤ ਵਿਅਕਤੀ ਤੱਕ ਪਹੁੰਚਣ ਤੋਂ ਪਹਿਲਾਂ, ਰੱਬ ਤੱਕ ਪਹੁੰਚ ਰਹੀ ਹੈ। ਉਪਰੋਕਤ ਘਟਨਾ ਤੋਂ ਸਾਫ਼ ਹੁੰਦਾ ਹੈ ਕਿ ‘ਹੇ ਇਨਸਾਨ, ਸਾਵਧਾਨ ਰਹਿ, ਕਿਉਂਕਿ ਤੇਰੀ ਹਰ ਗੱਲ ਰੱਬ ਸੁਣ ਰਿਹਾ ਹੈ।

# ‘ਫ਼ੈਸਲੇ’ ਦਾ ਦਿਨ

ਇੰਡਿਅਨ ਐਕਸਪ੍ਰੈੱਸ (ਬੈਂਗਲੋਰ) ਦੇ 9 ਸਤੰਬਰ 1983 ਦੇ ਅੰਕ ਵਿੱਚ ਇੱਕ ਖ਼ਬਰ ਛਪੀ, ਜਿਸ ਦਾ ਸਿਰਲੇਖ ਸੀ: “Glitter is not gold” (ਚਮਕਦਾਰ ਚੀਜ਼ ਹਮੇਸ਼ਾ ਸੋਨਾ ਨਹੀਂ ਹੁੰਦੀ।)

ਖ਼ਬਰ ਵਿੱਚ ਦੱਸਿਆ ਗਿਆ ਕਿ ਮਿਸ ਸਿਬਿਲ ਡਿਸਿਲਵਾ (Miss Sybil Disilva), ਜੋ ਬੈਂਗਲੋਰ ਦੀ ਆਰਟਿਲਰੀ ਰੋਡ ’ਤੇ ਰਹਿੰਦੀ ਸੀ, ਉਹ ਆਪਣੇ ਘਰ ’ਚ ਮੌਜੂਦ ਸੀ ਕਿ ਲਗਭਗ 45 ਸਾਲ ਦੀ ਇੱਕ ਔਰਤ ਉਸਦੇ ਕੋਲ ਆਈ। ਉਸ ਦੀ ਗੋਦ ਵਿੱਚ ਛੇ ਮਹੀਨੇ ਦਾ ਬੱਚਾ ਸੀ। ਔਰਤ ਨੇ ਕਿਹਾ, “ਮੇਰਾ ਪਤੀ ਬਹੁਤ ਬੀਮਾਰ ਹੈ ਅਤੇ ਉਸ ਦੇ ਇਲਾਜ ਲਈ ਤੁਰੰਤ ਪੰਜ ਹਜ਼ਾਰ ਰੁਪਏ ਚਾਹੀਦੇ ਹਨ।” ਉਸ ਨੇ ਆਪਣੀ ਜੇਬ ਵਿੱਚੋਂ ਸੋਨੇ ਦਾ ਇੱਕ ਹਾਰ ਕੱਢਿਆ ਅਤੇ ਕਿਹਾ, “ਮੈਂ ਭੀਖ ਨਹੀਂ ਮੰਗ ਰਹੀ, ਮੈਂ ਸਿਰਫ਼ ਇਹ ਹਾਰ ਵੇਚਣਾ ਚਾਹੁੰਦੀ ਹਾਂ। ਇਹ ਮੈਨੂੰ ਬਹੁਤ ਪਿਆਰਾ ਹੈ, ਪਰ ਪਤੀ ਦੀ ਸਿਹਤ ਇਸ ਤੋਂ ਵੱਧ ਪਿਆਰੀ ਹੈ। ਬਾਜ਼ਾਰ ਵਿੱਚ ਇਸ ਦੀ ਕੀਮਤ ਦਸ ਹਜ਼ਾਰ ਤੋਂ ਘੱਟ ਨਹੀਂ, ਪਰ ਆਪਣੀ ਮਜਬੂਰੀ ਕਰਕੇ ਮੈਂ ਤੁਹਾਨੂੰ ਇਹ ਹਾਰ ਪੰਜ ਹਜ਼ਾਰ ਵਿੱਚ ਦੇ ਦਵਾਂਗੀ।”

ਮਿਸ ਡਿਸਿਲਵਾ ਨੇ ਪਹਿਲਾਂ ਇਨਕਾਰ ਕੀਤਾ, ਪਰ ਔਰਤ ਆਪਣੀ ਮਜਬੂਰੀ ਦੱਸਦੀ ਰਹੀ ਅਤੇ ਆਖ਼ਰਕਾਰ ਉਸ ਨੇ ਮਿਸ ਡਿਸਿਲਵਾ ਨੂੰ ਮਨਾ ਲਿਆ। ਮਿਸ ਡਿਸਿਲਵਾ ਨੇ ਪੈਸੇ ਦੇ ਕੇ ਹਾਰ ਖਰੀਦ ਲਿਆ।

ਅਗਲੇ ਦਿਨ ਮਿਸ ਡਿਸਿਲਵਾ ਬੈਂਗਲੋਰ ਦੀ ਕਮਰਸ਼ੀਅਲ ਸਟ੍ਰੀਟ ’ਤੇ ਗਈ ਅਤੇ ਇੱਕ ਸੁਨਾਰ ਨੂੰ ਉਹ ਹਾਰ ਦਿਖਾਇਆ। ਸੁਨਾਰ ਨੇ ਚੰਗੀ ਤਰ੍ਹਾਂ ਜਾਂਚ ਕੀਤੀ ਅਤੇ ਹਕੀਕਤ ਸਾਹਮਣੇ ਆ ਗਈ ਕਿ ਉਹ ਹਾਰ ਸੋਨਾ ਨਹੀਂ, ਪਿੱਤਲ ਹੈ।

ਇਹੀ ਅਖ਼ਿਰਤ ਦਾ ਮਾਮਲਾ ਹੈ। ਮੌਜੂਦਾ ਦੁਨੀਆ ਵਿੱਚ ਹਰ ਇਨਸਾਨ ਆਪਣੇ ਕਰਮਾਂ ਵਿਚ ਮਸਤ ਹੈ। ਹਰ ਕੋਈ ਆਪਣੇ ਕੰਮ ਨੂੰ ਸੋਨਾ ਸਮਝਦਾ ਹੈ। ਪਰ ਸੋਨਾ ਉਹੀ ਹੈ ਜੋ ਸੁਨਾਰ ਦੀ ਕਸੌਟੀ ’ਤੇ ਵੀ ਸੋਨਾ ਸਾਬਤ ਹੋਵੇ।

ਅਖ਼ਿਰਤ ਵਿੱਚ ਰੱਬ ਹਰ ਇਕ ਦੇ ਕਰਮਾਂ ਨੂੰ ਆਪਣੀ ਕਸੌਟੀ 'ਤੇ ਪਰਖੇਗਾ। ਜਿਸ ਦੇ ਕਰਮ ਉੱਥੇ ਸੋਨਾ ਸਾਬਤ ਹੋਏ, ਉਸੀ ਦੇ ਕਰਮਾਂ ਦਾ ਮੁੱਲ ਪਵੇਗਾ ਅਤੇ ਜਿਸ ਦੇ ਬਾਰੇ ਕਹਿ ਦਿੱਤਾ ਗਿਆ ਕਿ ਇਹ ਤਾਂ ਪਿੱਤਲ ਸੀ, ਉਸ ਦਾ ਸੋਚਿਆ ਹੋਇਆ ਸੋਨਾ ਉਸ ਲਈ ਰੁਸਵਾਈ ਅਤੇ ਤਬਾਹੀ ਦਾ ਪ੍ਰਤੀਕ ਬਣ ਜਾਵੇਗਾ। ਜਿਸ ਚੀਜ਼ ਨੂੰ ਇਨਸਾਨ ਨੇ ਅੱਜ ਇੰਨਾ ਕੀਮਤੀ ਸਮਝਿਆ ਹੋਇਆ ਹੈ, ਉਹ ਉਸ ਨੂੰ ਕਿਸੇ ਤਰ੍ਹਾਂ ਵੀ ਤਿਆਗਣ ਲਈ ਤਿਆਰ ਨਹੀਂ। ਆਖਿਰਤ ਦੇ ਦਿਨ ਉਹੀ ਇਨਸਾਨ ਉਸ ਕੀਮਤੀ ਸਮਝੀ ਜਾ ਰਹੀ ਚੀਜ਼ ਤੋਂ ਇੰਨਾ ਨਿਰਾਸ਼ ਤੇ ਪਰੇਸ਼ਾਨ ਹੋਵੇਗਾ ਕਿ ਉਹ ਆਪਣੇ ਕਰਮਾਂ ਨੂੰ ਮਿਟਾਉਣਾ ਚਾਹੇਗਾ ਪਰ ਜੋ ਮੁਮਕਿਨ ਨਾ ਹੋ ਸਕੇਗਾ।

# ਹਾਏ! ਇਹ ਇਨਸਾਨ

ਲਗਭਗ ਇਕ ਦਰਜਨ ਅੰਡੇ ਸਾਹਮਣੇ ਰੱਖੇ ਹੋਏ ਸਨ। ਬਾਹਰੋਂ ਦੇਖਣ ਨੂੰ ਸਾਰੇ ਵਧੀਆ ਲੱਗ ਰਹੇ ਸਨ। ਪਰ ਜਦੋਂ ਉਨ੍ਹਾਂ ਨੂੰ ਤੋੜਿਆ ਗਿਆ ਤਾਂ ਇੱਕ ਤੋਂ ਬਾਅਦ ਇੱਕ ਸਾਰੇ ਅੰਦਰੋਂ ਖਰਾਬ ਨਿਕਲੇ। ਆਖ਼ਰ ਪਤਾ ਲੱਗਾ ਕਿ ਸਾਰਿਆਂ ਵਿਚੋਂ ਇੱਕ ਵੀ ਅੰਡਾ ਠੀਕ ਨਹੀਂ ਸੀ, ਹਾਲਾਂਕਿ ਬਾਹਰੋਂ ਸਾਰੇ ਵਧੀਆ ਲੱਗ ਰਹੇ ਸਨ।

ਅਜਿਹਾ ਹੀ ਕੁਝ ਹਾਲ ਅੱਜਕਲ੍ਹ ਇਨਸਾਨਾਂ ਦਾ ਹੈ। ਬਾਹਰੋਂ ਦੇਖਣ ਵਿਚ ਤਾਂ ਹਰ ਇਨਸਾਨ, ਇਨਸਾਨ ਨਜ਼ਰ ਆਉਂਦਾ ਹੈ। ਚੰਗੇ ਕੱਪੜੇ ਪਾਏ ਹੋਏ, ਸੋਹਣੀਆਂ ਗੱਲਾਂ ਕਰਨ ਵਾਲਾ। ਹਰ ਕੋਈ ਉੱਪਰੋਂ ਚੰਗਾ ਲੱਗਦਾ ਹੈ ਅਤੇ ਹਰ ਕਿਸੇ ਕੋਲ ਆਪਣੀਆਂ ਉਪਲਬਧੀਆਂ ਦੀਆਂ ਲੰਮੀਆਂ ਕਹਾਣੀਆਂ ਹਨ। ਪਰ ਜਦੋਂ ਅਸਲ ਅਜ਼ਮਾਇਸ਼ ਹੁੰਦੀ ਹੈ, ਤਦ ਪਤਾ ਲੱਗਦਾ ਹੈ ਕਿ ਉਹੀ ਸੋਹਣਾ ਇਨਸਾਨ ਅੰਦਰੋਂ ਕੁਝ ਹੋਰ ਹੀ ਸੀ। ਉੱਪਰ ਦੀ ਸੋਹਣੀ ਦਿੱਖ ਅੰਦਰ ਬਹੁਤ ਹੀ ਮਾੜਾ ਤੇ ਅਜੀਬ ਤਰ੍ਹਾਂ ਦਾ ਇਨਸਾਨ ਲੁਕਿਆ ਹੋਇਆ ਸੀ।

ਜਦੋਂ ਕਿਸੀ ਨਾਲ ਲੈਣ-ਦੇਣ ਹੁੰਦਾ ਹੈ, ਜਦੋਂ ਕਿਸੀ ਨਾਲ ਵਾਸਤਵਿਕ ਮਾਮਲਾ ਪੈਂਦਾ ਹੈ, ਜਦੋਂ ਸ਼ਿਕਾਇਤ ਜਾਂ ਤਲਖ਼ੀ ਪੈਦਾ ਹੁੰਦੀ ਹੈ, ਜਦੋਂ ਕਿਸੇ ਦੇ ਸਵਾਰਥ 'ਤੇ ਚੋਟ ਲੱਗਦੀ ਹੈ, ਤਦ ਅਸਲ ਚਿਹਰਾ ਸਾਹਮਣੇ ਆਉਂਦਾ

ਹੈ। ਸੋਹਣੇ ਕੱਪੜਿਆਂ ਦੇ ਅੰਦਰ ਅਕਸਰ ਖੁਦਗਰਜ਼ੀ, ਨੀਚਤਾ, ਦਿਖਾਵਾ, ਲਾਲਚ, ਈਰਖ਼ਾ, ਅਹੰਕਾਰ, ਮੌਕਾਪ੍ਰਸਤੀ, ਸ਼ੋਸ਼ਣ ਆਦਿ ਛੁਪਿਆ ਹੁੰਦਾ ਹੈ। ਹਰ ਕੋਈ ਬਾਹਰੋਂ ਚੰਗਾ "ਅੰਡਾ" ਲੱਗਦਾ ਹੈ, ਪਰ ਤੋੜਨ 'ਤੇ ਅਕਸਰ ਖਰਾਬ ਨਿਕਲਦਾ ਹੈ।

ਇਹੀ ਅੱਜ ਦੀ ਇਨਸਾਨੀ ਦੁਨੀਆ ਹੈ। ਡੂੰਘਾਈ ਨਾਲ ਵੇਖੋ ਤਾਂ ਅਜੋਕੀ ਦੁਨੀਆ ਵਿਚ ਦੋ ਹੀ ਚੀਜ਼ਾਂ ਦਿੱਸਦੀਆਂ ਹਨ: ਦੁੱਖ ਦੀਆਂ ਚੀਖਾਂ ਜਾਂ ਜ਼ੁਲਮ ਦਾ ਸ਼ੋਰ। ਕੁਝ ਲੋਕ ਬੇਇਨਸਾਫ਼ੀ ਦਾ ਸ਼ਿਕਾਰ ਹੋ ਕੇ ਚੀਖਾਂ ਮਾਰ ਰਹੇ ਹਨ, ਕੁਝ ਆਪਣੇ ਸਵਾਰਥ ਪੂਰੇ ਕਰ ਕੇ ਜਿੱਤ ਦਾ ਸ਼ੋਰ ਮਚਾ ਰਹੇ ਹਨ। ਕੁਝ ਅਚੇਤੰਨਤਾ ਦੇ ਟੋਏ ਵਿੱਚ ਡਿੱਗੇ ਹੋਏ ਹਨ ਅਤੇ ਕੁਝ ਲੋਕ ਬੇਸੁੱਧ ਹੋ ਕੇ ਬੈਠੇ ਹਨ।

ਪਰ ਇਹ ਸਥਿਤੀ ਸਦਾ ਰਹਿਣ ਵਾਲੀ ਨਹੀਂ। ਬਹੁਤ ਜਲਦੀ ਉਹ ਸਮਾਂ ਆਉਣ ਵਾਲਾ ਹੈ ਜਦੋਂ ਇਨਸਾਨ ਆਪਣੇ ਆਪ ਨੂੰ ਇੱਕ ਦੂਜੀ ਦੁਨੀਆ ਵਿੱਚ ਪਾਵੇਗਾ। ਇੱਕ ਐਸੀ ਦੁਨੀਆ, ਜਿੱਥੇ ਫ਼ੈਸਲਾ ਕਰਨ ਦਾ ਪੂਰਾ ਅਧਿਕਾਰ ਖ਼ੁਦਾ ਕੋਲ ਹੋਵੇਗਾ, ਨਾ ਕਿ ਇਨਸਾਨ ਕੋਲ।

# ਸ਼ਿਕਾਰ ਕਰਨ ਵਾਲੇ

ਕਰਨਲ ਜੈ ਪੌਲ ਨੇ ਆਪਣੀ ਸ਼ਿਕਾਰੀ ਜ਼ਿੰਦਗੀ ਦੀਆਂ ਯਾਦਾਂ ਉੱਤੇ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਹੈ— **ਅਜ਼ੀਮ ਸ਼ਿਕਾਰ** (*Great Hunt*, Lt. Col Jaipal, carlton Press, New York 1982)

ਜਿਮ ਕਾਰਬੇਟ (Jim Corbett) ਇੱਕ ਸ਼ਿਕਾਰੀ ਸੀ। ਉਸਨੂੰ ਸ਼ੇਰ ਨੂੰ ਗੋਲੀ ਮਾਰ ਕੇ ਮਾਰਣ ਵਿੱਚ ਖਾਸ ਦਿਲਚਸਪੀ ਸੀ। ਹਾਲਾਂਕਿ ਆਪਣੀ ਇਸ ਕਾਤਲ ਪ੍ਰਵਿਰਤੀ ਲਈ ਉਸ ਕੋਲ ਇੱਕ ਸੋਹਣਾ ਕਾਰਨ ਸੀ— "ਮੈਂ ਪਿੰਡ ਦੇ ਲੋਕਾਂ ਨੂੰ ਆਦਮਖੋਰ ਸ਼ੇਰਾਂ ਤੋਂ ਬਚਾਉਣ ਲਈ ਉਨ੍ਹਾਂ ਦਾ ਸ਼ਿਕਾਰ ਕਰਦਾ ਹਾਂ।" ਇਸੇ ਤਰ੍ਹਾਂ ਅਕਸਰ ਸ਼ਿਕਾਰੀਆਂ ਕੋਲ ਸ਼ਿਕਾਰ ਖੇਡਣ ਲਈ ਸੋਹਣੀਆਂ ਦਲੀਲਾਂ ਹੁੰਦੀਆਂ ਹਨ। ਪਰ ਕਰਨਲ ਜੈਪਾਲ ਨੂੰ ਕਦੇ ਵੀ ਇਸ ਕਿਸਮ ਦੇ

ਬਣਾਵਟੀ ਕਾਰਣ ਘੜਨ ਦੀ ਲੋੜ ਨਹੀਂ ਪਈ। ਉਸਨੇ ਪੂਰੀ ਇਮਾਨਦਾਰੀ ਨਾਲ ਉਹ ਗੱਲ ਕਬੂਲ ਕਰ ਲਈ, ਜੋ ਹੋਰ ਲੋਕ ਜਾਂ ਤਾਂ ਕਬੂਲ ਨਹੀਂ ਕਰਦੇ ਜਾਂ ਕਰਨ ਤੋਂ ਕਤਰਾਉਂਦੇ ਹਨ।

ਕਰਨਲ ਜੈਪਾਲ ਲਈ ਘੜਿਆਲ (ਮਗਰਮੱਛ) ਨੂੰ ਮਾਰਨਾ ਇੱਕ ਮਨਪਸੰਦ ਖੇਡ ਸੀ। ਉਹ ਲਿਖਦੇ ਹਨ ਕਿ ਜਦੋਂ ਮੈਂ ਘੜਿਆਲ ਦੇ ਪਿੱਛੇ ਰੇਂਗਦਾ ਹੋਇਆ ਜਾਂਦਾ ਸੀ, ਤਾਂ ਉਹ ਦ੍ਰਿਸ਼ ਬਹੁਤ ਦਿਲਚਸਪ ਹੁੰਦਾ ਸੀ। ਕਈ ਵਾਰ ਘੜਿਆਲ ਛਪਾਕ ਨਾਲ ਪਾਣੀ ਵਿੱਚ ਛਾਲ ਮਾਰ ਦਿੰਦਾ ਸੀ ਅਤੇ ਜਦੋਂ ਉਸਨੂੰ ਗੋਲੀ ਲੱਗਦੀ, ਤਾਂ ਉਹ ਅਜੀਬ ਢੰਗ ਨਾਲ ਆਪਣੀ ਪੂੰਛ ਪਟਕਦਾ ਅਤੇ ਮੂੰਹ ਖੋਲ੍ਹ ਲੈਂਦਾ। ਇਹ ਸਭ ਕੁਝ ਮੈਨੂੰ ਇਕ ਅਜੀਬ ਕਿਸਮ ਦੀ ਜੋਸ਼ੀਲੀ ਉਤੇਜਨਾ ਨਾਲ ਭਰ ਦਿੰਦਾ ਸੀ।

All this gave me quite a lot of thrill.

ਇਨਸਾਨ ਦੇ ਸੁਭਾਉ ਵਿੱਚ ਇਹ ਗੱਲ ਸ਼ਾਮਲ ਹੈ ਕਿ ਉਹ ਦੂਜੇ ਦੀ ਘਾਤ ਵਿੱਚ ਰਹਿੰਦਾ ਹੈ। ਉਹ ਦੂਜੇ ਨੂੰ ਤੰਗ ਕਰਨ ਦੀ ਯੋਜਨਾ ਬਣਾਉਂਦਾ ਹੈ ਅਤੇ ਜਦੋਂ ਇਸ ਵਿੱਚ ਕਾਮਯਾਬ ਹੋ ਜਾਂਦਾ ਹੈ, ਤਾਂ ਆਪਣੀ ਕਾਮਯਾਬੀ ਉੱਤੇ ਖੁਸ਼ੀ ਨਾਲ ਉੱਚੀ-ਉੱਚੀ ਹੱਸਦਾ ਹੈ। ਇਹੀ ਸੁਭਾਉ ਇਨਸਾਨ ਦੀ ਪਰਖ ਦਾ ਅਸਲੀ ਪਰਚਾ ਹੈ। ਜੋ ਆਪਣੇ ਇਸ ਸੁਭਾਉ ਅੱਗੇ ਗੋਡੇ ਟੇਕ ਕੇ ਆਪਣੇ ਭਰਾ ਦਾ ਸ਼ਿਕਾਰ ਕਰਨ ਲੱਗ ਪੈਂਦਾ ਹੈ, ਉਹ ਦੋਜ਼ਖੀ ਹੈ ਅਤੇ ਜੋ ਵਿਅਕਤੀ ਆਪਣੇ ਇਸ ਸੁਭਾਉ ਉੱਤੇ ਕਾਬੂ ਪਾ ਲੈਂਦਾ ਹੈ ਅਤੇ ਦੁਨੀਆ ਵਿੱਚ ਇਸ ਤਰ੍ਹਾਂ ਜੀਉਂਦਾ ਹੈ ਕਿ ਦੂਜੇ ਇਨਸਾਨਾਂ ਲਈ ਰਹਿਮਤ ਬਣਿਆ ਰਹੇ, ਉਹੀ ਉਹ ਸ਼ਖ਼ਸ ਹੈ, ਜਿਸ ਲਈ ਆਖ਼ਿਰਤ ਵਿੱਚ ਜੰਨਤ ਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਣਗੇ।

# ਇਹ ਸੌਣ ਵਾਲੇ

ਹਦੀਸ ਵਿੱਚ ਆਇਆ ਹੈ ਕਿ ਰਸੂਲੱਲਾਹ ਨੇ ਫਰਮਾਇਆ: "ਮੈਂ ਨਹੀਂ ਵੇਖਿਆ ਕਿ ਦੋਜ਼ਖ ਵਰਗੀ ਚੀਜ਼ ਤੋਂ ਭੱਜਣ ਵਾਲਾ ਸੋ ਗਿਆ ਹੋਵੇ ਅਤੇ ਨਾ ਹੀ ਮੈਂ ਵੇਖਿਆ ਹੈ ਕਿ ਜੰਨਤ ਵਰਗੀ ਚੀਜ਼ ਨੂੰ ਚਾਹੁਣ ਵਾਲਾ ਸੋ ਗਿਆ ਹੋਵੇ।"

ਦੋਜ਼ਖ ਦੀ ਯਾਤਨਾ (Torture) ਅਤੇ ਅਜ਼ਾਬ (Punishment) ਕਿੰਨੇ ਭਿਆਨਕ ਹਨ, ਪਰ ਇਨਸਾਨ ਉਸ ਤੋਂ ਬੇਪਰਵਾਹ ਹੈ। ਜੰਨਤ ਦੀਆਂ ਨਿਆਮਤਾਂ ਕਿੰਨੀਆਂ ਸੁਆਦਲੀਆਂ ਹਨ, ਪਰ ਇਨਸਾਨ ਨੂੰ ਉਹਨਾਂ ਦਾ ਕੋਈ ਸ਼ੌਕ ਨਹੀਂ। ਨਿਸ਼ਚਿਤ ਤੌਰ ’ਤੇ ਇਹ ਧਰਤੀ ਉੱਤੇ ਵਾਪਰਨ ਵਾਲੀਆਂ ਸਭ ਘਟਨਾਵਾਂ ਵਿੱਚੋਂ ਸਭ ਤੋਂ ਅਜੀਬ ਗੱਲ ਹੈ।

ਲੋਕ ਅੱਜ ਸੋ ਰਹੇ ਹਨ ਤਾਂ ਜੋ ਉਸ ਵੇਲੇ ਜਾਗਣ, ਜਦੋਂ ਦੋਜ਼ਖ ਦੀ ਅੱਗ ਦੇ ਸ਼ੋਲ੍ਹੇ ਉਨ੍ਹਾਂ ਲਈ ਨੀਂਦ ਨੂੰ ਅਸੰਭਵ ਬਣਾ ਦੇਣ। ਲੋਕ ਅੱਜ ਬੇਪਰਵਾਹ ਹਨ ਤਾਂ ਜੋ ਉਸ ਸਮੇਂ ਹੋਸ਼ ਵਿੱਚ ਆਉਣ, ਜਦੋਂ ਮਹਰੂਮੀ (ਧਇਪਰਵਿਇਦ) ਅਤੇ ਰੁਸਵਾਈ ਉਨ੍ਹਾਂ ਉੱਤੇ ਇਸ ਤਰ੍ਹਾਂ ਟੁੱਟ ਪਏ ਕਿ ਬਚਣ ਦਾ ਕੋਈ ਰਸਤਾ ਨਾ ਰਹੇ।

ਅੱਜ ਹਰ ਇਨਸਾਨ ਬੇਹੋਸ਼ ਨਜ਼ਰ ਆਉਂਦਾ ਹੈ। ਹਰ ਕੋਈ ਆਪਣੇ ਅੰਦਰ ਇਸ ਤਰ੍ਹਾਂ ਗੁੰਮ ਹੈ, ਜਿਵੇਂ ਉਸ ਤੋਂ ਉੱਪਰ ਕੋਈ ਹੋਰ ਤਾਕਤ ਹੀ ਨਾ ਹੋਵੇ। ਹਾਲਾਂਕਿ ਮੌਤ ਹਰ ਰੋਜ਼ ਦੱਸ ਰਹੀ ਹੈ ਕਿ ਇਨਸਾਨ ਇੱਕ ਅਜਿਹੀ ਸੱਚਾਈ ਦਾ ਸਾਹਮਣਾ ਕਰ ਰਿਹਾ ਹੈ, ਜਿਸਦੇ ਮੁਕਾਬਲੇ ਵਿੱਚ ਕਿਸੇ ਦੀ ਕੁਝ ਨਹੀਂ ਚਲਦੀ। ਇਨਸਾਨ ਕਿੰਨਾ ਮਜਬੂਰ ਹੈ, ਪਰ ਆਪਣੇ ਆਪ ਨੂੰ ਕਿੰਨਾ ਵੱਡਾ ਅਧਿਕਾਰ ਵਾਲਾ ਸਮਝਦਾ ਹੈ।

ਇਨਸਾਨ ਵਾਅਦਾ ਕਰਦਾ ਹੈ, ਫਿਰ ਉਸਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਕਿਸੇ ਦਾ ਹੱਕ ਉਸ ਉੱਤੇ ਆ ਜਾਂਦਾ ਹੈ, ਪਰ ਉਹ ਅਦਾ ਨਹੀਂ ਕਰਦਾ। ਸੱਚ ਉਸਦੇ ਸਾਹਮਣੇ ਆਉਂਦਾ ਹੈ, ਪਰ ਉਹ ਉਸਨੂੰ ਸਵੀਕਾਰਦਾ ਨਹੀਂ। ਦੂਜੇ ਉੱਤੇ ਇਕਤਰਫਾ ਇਲਜ਼ਾਮ ਲਗਾ ਦਿੰਦਾ ਹੈ ਅਤੇ ਆਪਣੀ ਗਲਤੀ ਮੰਨਣ ਲਈ ਤਿਆਰ ਨਹੀਂ ਹੁੰਦਾ। ਛੋਟਿਆਂ ਨੂੰ ਅਣਡਿੱਠਾ ਕਰ ਕੇ ਵੱਡਿਆਂ ਦਾ ਸਵਾਗਤ ਕਰਦਾ ਹੈ। ਆਪਣੀ ਜ਼ਿੰਦਗੀ ਨੂੰ ਅਸੂਲਾਂ ਨਾਲ ਬੰਨ੍ਹਣ ਦੀ ਥਾਂ ਆਪਣੀਆਂ ਇੱਛਾਵਾਂ ਨਾਲ ਬੰਨ੍ਹ ਦਿੰਦਾ ਹੈ। ਤਾਕਤਵਰ ਅੱਗੇ ਝੁਕਦਾ ਹੈ ਅਤੇ ਕਮਜ਼ੋਰਾਂ ਨੂੰ ਸਤਾਉਂਦਾ ਹੈ। ਉਹ ਆਸਥਾ ਅਤੇ ਧਿਆਨ ਨੂੰ ਕੇਂਦਰ ਵਿਚ ਰੱਖਣ ਦੀ ਥਾਂ, ਅਹੰਕਾਰ ਨੂੰ ਕੇਂਦਰ ਬਣਾ ਲੈਂਦਾ ਹੈ। ਉਹ ਜੰਨਤ ਦੀ ਲਾਲਸਾ ਅਤੇ ਦੋਜ਼ਖ ਦੇ ਡਰ ਵਿਚ ਜਿਉਂਦਾ ਹੈ। ਇਹ ਸਭ ਕੁਝ ਕਰਦਾ ਹੋਇਆ ਵੀ ਮਨੁੱਖ ਭੁੱਲ ਜਾਂਦਾ ਹੈ ਕਿ ਆਪਣੇ ਇਨ੍ਹਾਂ ਕਰਮਾਂ ਨਾਲ ਉਹ ਆਪਣੇ ਆਪ ਨੂੰ ਦੋਜ਼ਖ ਦੇ ਨੇੜੇ ਲੈ ਜਾ ਰਿਹਾ ਹੈ ਅਤੇ ਜੰਨਤ ਲਈ ਅਯੋਗ ਬਣਾ ਰਿਹਾ ਹੈ।

ਹਾਏ! ਉਹ ਇਨਸਾਨ, ਜਿਸਨੂੰ ਉਸੀ ਚੀਜ਼ ਦਾ ਸ਼ੌਕ ਨਹੀਂ, ਜਿਸਦਾ ਉਸਨੂੰ ਸਭ ਤੋਂ ਵੱਧ ਸ਼ੌਕ ਹੋਣਾ ਚਾਹੀਦਾ ਹੈ। ਹਾਏ! ਉਹ ਇਨਸਾਨ, ਜੋ ਉਸੀ ਚੀਜ਼ ਤੋਂ ਸਭ ਤੋਂ ਵੱਧ ਨਿਡਰ ਹੈ, ਜਿਸ ਤੋਂ ਉਸਨੂੰ ਸਭ ਤੋਂ ਵੱਧ ਡਰਨਾ ਚਾਹੀਦਾ ਹੈ।

# ਉਸ ਦਿਨ ਕੀ ਹੋਵੇਗਾ

ਖੁਦਾ ਹਰ ਚੀਜ਼ ਦਾ ਮਾਲਕ ਹੈ। ਦੁਨੀਆ ਵਿੱਚ ਕਿਸੇ ਨੂੰ ਜੋ ਕੁਝ ਵੀ ਮਿਲਦਾ ਹੈ, ਖੁਦਾ ਦੇ ਦੇਣ ਨਾਲ ਹੀ ਮਿਲਦਾ ਹੈ। ਖੁਦਾ ਤੋਂ ਬਿਨਾਂ ਕਿਸੇ ਕੋਲ ਕੁਝ ਵੀ ਨਹੀਂ ਜੋ ਉਹ ਕਿਸੇ ਨੂੰ ਦੇ ਸਕੇ। ਐਸੇ ਹਾਲਾਤ ਵਿੱਚ ਜੇ ਕੁਝ ਲੋਕ ਕਿਸੇ ਵਿਅਕਤੀ ਤੋਂ ਉਹ ਚੀਜ਼ ਖੋਹਣ ਲੱਗ ਪੈਣ, ਜੋ ਉਸਨੂੰ ਜਾਇਜ਼ ਤੌਰ ’ਤੇ ਮਿਲੀ ਹੋਈ ਹੈ, ਤਾਂ ਅਸਲ ਵਿੱਚ ਉਹ ਖੁਦਾ ਦੇ ਦਿੱਤੇ ਹੋਏ ਨੂੰ ਖੋਹ ਰਹੇ ਹੁੰਦੇ ਹਨ। ਉਹ ਖੁਦਾ ਦੀ ਯੋਜਨਾ ਨੂੰ ਝੂਠਾ ਪਾਉਣਾ ਚਾਹੁੰਦੇ ਹਨ।

ਦੁਨੀਆ ਵਿੱਚ ਕਿਸੇ ਵਿਅਕਤੀ ਨੂੰ ਮਕਾਨ ਮਿਲੇ, ਪਰ ਕੁਝ ਲੋਕ ਉਸਨੂੰ ਬੇਘਰ ਕਰਨ ਦੀ ਸਾਜ਼ਿਸ਼ ਕਰਨ। ਉਸਦੀ ਰੋਜ਼ੀ-ਰੋਟੀ ਦੀ ਜਾਇਜ਼ ਵਿਵਸਥਾ ਹੋਵੇ, ਪਰ ਲੋਕ ਉਸਦੀ ਆਰਥਿਕ ਸਥਿਤੀ ਤਬਾਹ ਕਰਨ ਉੱਤੇ ਉਤਰ ਆਉਣ। ਉਸਨੂੰ ਇੱਜ਼ਤਦਾਰ ਜ਼ਿੰਦਗੀ ਮਿਲੀ ਹੋਵੇ, ਪਰ ਲੋਕ ਉਸਨੂੰ ਬੇਇੱਜ਼ਤ ਕਰਨ ਦੀਆਂ ਕੋਸ਼ਿਸ਼ਾਂ ਕਰਨ। ਉਹ ਆਪਣੇ ਮਾਹੌਲ ਵਿੱਚ ਸੁਕੂਨ ਅਤੇ ਚੈਨ ਨਾਲ ਜੀ ਰਿਹਾ ਹੋਵੇ, ਪਰ ਲੋਕ ਝੂਠੇ ਮੁਕੱਦਮਿਆਂ ਵਿੱਚ ਫਸਾ ਕੇ ਉਸਦਾ ਸੁਕੂਨ ਭੰਗ ਕਰਨ ਲੱਗ ਪੈਣ। ਹਰ ਐਸੀ ਘਟਨਾ ਖੁਦਾ ਦੀ ਵਿਵਸਥਾ (ਵਿਉਂਤ) ਵਿੱਚ ਦਖ਼ਲ ਹੈ। ਇਹ ਬਿਨਾਂ ਅਧਿਕਾਰ ਵਾਲੀ ਮਖਲੂਕ ਦਾ ਉਸ ਸਰਬਅਧਿਕਾਰ ਵਾਲੇ ਖ਼ਾਲਿਕ ਨਾਲ ਟਕਰਾਉ ਹੈ, ਜੋ ਇਕੱਲਾ ਅਤੇ ਪੂਰੀ ਤਰ੍ਹਾਂ ਹਰ ਕਿਸਮ ਦਾ ਅਧਿਕਾਰ ਰੱਖਦਾ ਹੈ।

ਇਨ੍ਹਾਂ ਘਟਨਾਵਾਂ ਦਾ ਅਰਥ ਇਹ ਹੈ ਕਿ ਖੁਦਾ ਨੇ ਚਾਹਿਆ, ਪਰ ਬੰਦਿਆਂ ਨੇ ਨਾ ਚਾਹਿਆ। ਖੁਦਾ ਨੇ ਆਪਣੇ ਫ਼ੈਸਲੇ ਅਨੁਸਾਰ ਰਿਜ਼ਕ ਦੀ ਵੰਡ ਦਾ ਇੰਤਜ਼ਾਮ ਕੀਤਾ, ਪਰ ਬੰਦੇ ਉਸ ਵੰਡ ਪ੍ਰਣਾਲੀ ਨੂੰ ਮੰਨਣ ਲਈ ਤਿਆਰ ਨਾ ਹੋਏ। ਖੁਦਾ ਦੇ ਮੁਕਾਬਲੇ ਵਿੱਚ ਬੰਦਿਆਂ ਦਾ ਅਜਿਹਾ ਵਿਵਹਾਰ ਦੁਨੀਆ ਵਿੱਚ

ਬਾਹਰੋਂ ਕਾਮਯਾਬ ਨਜ਼ਰ ਆਉਂਦਾ ਹੈ, ਪਰ ਇਹ ਕਾਮਯਾਬੀ ਸਿਰਫ਼ ਇਸ ਲਈ ਹੈ ਕਿਉਂਕਿ ਮੌਜੂਦਾ ਦੁਨੀਆ ਵਿੱਚ ਲੋਕਾਂ ਨੂੰ ਇਮਤਿਹਾਨ ਦੀ ਆਜ਼ਾਦੀ ਮਿਲੀ ਹੋਈ ਹੈ। ਜਿਵੇਂ ਹੀ ਇਮਤਿਹਾਨ ਦੀ ਅਵਧੀ ਖਤਮ ਹੋਵੇਗੀ, ਇਨਸਾਨ ਆਪਣੇ ਆਪ ਨੂੰ ਇੰਨਾ ਕਮਜ਼ੋਰ ਮਹਿਸੂਸ ਕਰੇਗਾ ਕਿ ਉਸ ਕੋਲ ਕਿਸੇ ਦੇ ਖ਼ਿਲਾਫ਼ ਬੋਲਣ ਲਈ ਸ਼ਬਦ ਵੀ ਨਹੀਂ ਰਹਿਣਗੇ, ਨਾ ਹੀ ਦਿਮਾਗ਼ ਰਹੇਗਾ ਕਿ ਉਹ ਕਿਸੇ ਨੂੰ ਬਰਬਾਦ ਕਰਨ ਦੀ ਯੋਜਨਾ ਬਣਾਏ।

ਮੌਜੂਦਾ ਦੁਨੀਆ ਵਿੱਚ ਇਨਸਾਨ ਨੂੰ ਆਜ਼ਾਦੀ ਮਿਲੀ ਹੋਈ ਹੈ। ਇੱਥੇ ਕਿਸੇ ਲਈ ਵੀ ਸੰਭਵ ਹੈ ਕਿ ਉਹ ਖੁਦਾ ਦੇ ਚਾਹੇ ਨੂੰ ਨਾ ਮੰਨੇ, ਖੁਦਾ ਦੀ ਰੋਜ਼ਗਾਰ ਵੰਡ ਪ੍ਰਣਾਲੀ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਕਰੇ। ਪਰ ਐਸੇ ਲੋਕਾਂ ਦਾ ਹਾਲ ਉਸ ਵੇਲੇ ਕੀ ਹੋਵੇਗਾ, ਜਦੋਂ ਇਮਤਿਹਾਨ ਦੀ ਇਹ ਆਜ਼ਾਦੀ ਖਤਮ ਹੋ ਚੁੱਕੀ ਹੋਵੇਗੀ। ਜਦੋਂ ਉਹੀ ਹੋਵੇਗਾ ਜੋ ਖੁਦਾ ਚਾਹੇਗਾ ਅਤੇ ਜੋ ਖੁਦਾ ਨਾ ਚਾਹੇ, ਉਹ ਹੋ ਹੀ ਨਹੀਂ ਸਕੇਗਾ। ਉਸ ਦਿਨ ਖੁਦਾ ਕਹੇਗਾ, "ਮੈਂ ਜਿਸਨੂੰ ਚਾਹਾਂ ਦਿੰਦਾ ਹਾਂ, ਹੁਣ ਜੇ ਕਿਸੇ ਨੇ ਕੁਝ ਕਰਨਾ ਹੈ, ਤਾਂ ਮੇਰੀ ਇੱਛਾ ਨੂੰ ਨਾ ਮੰਨ ਕੇ ਦਿਖਾਵੇ।"

# ਕੱਲ੍ਹ ਨੂੰ ਯਾਦ ਰੱਖੋ

ਲਾਰਡ ਕਰਜ਼ਨ 1898 ਵਿੱਚ ਭਾਰਤ ਦਾ ਵਾਇਸਰਾਇ ਬਣ ਕੇ ਬ੍ਰਿਟੇਨ ਤੋਂ ਇੱਥੇ ਆਇਆ। ਉਸ ਦੀਆਂ ਦੋ ਧੀਆਂ ਸਨ। ਲਾਰਡ ਕਰਜ਼ਨ ਅਤੇ ਲੇਡੀ ਕਰਜ਼ਨ ਚਾਹੁੰਦੇ ਸਨ ਕਿ ਉਹਨਾਂ ਦੀ ਤੀਜੀ ਸੰਤਾਨ ਪੁੱਤਰ ਹੀ ਹੋਵੇ। ਦੋਵੇਂ ਵੱਡੀਆਂ ਉਮੀਦਾਂ ਨਾਲ ਆਉਣ ਵਾਲੇ ਸਮੇਂ ਦੀ ਉਡੀਕ ਕਰ ਰਹੇ ਸਨ, ਪਰ ਮਾਰਚ 1904 ਵਿੱਚ ਤੀਜੀ ਵਾਰ ਵੀ ਉਨ੍ਹਾਂ ਦੇ ਘਰ ਧੀ ਹੀ ਪੈਦਾ ਹੋਈ। ਉਸ ਵੇਲੇ ਉਹ ਨਾਲਧਰਾ ਵਿੱਚ ਰਹਿ ਰਹੇ ਸਨ, ਜਿਸ ਕਰਕੇ ਉਨ੍ਹਾਂ ਨੇ ਆਪਣੀ ਧੀ ਦਾ ਨਾਮ ਐਲੈਕਜ਼ੈਂਡਰਾ ਨਾਲਧਰਾ ਕਰਜ਼ਨ ਰੱਖਿਆ। ਉਸ ਸਮੇਂ ਲਾਰਡ ਕਰਜ਼ਨ ਨੇ ਆਪਣੀ ਪਤਨੀ ਨੂੰ ਜੋ ਪੱਤਰ ਲਿਖੇ, ਉਨ੍ਹਾਂ ਵਿੱਚੋਂ ਇੱਕ ਪੱਤਰ ਸ਼ਿਮਲਾ ਤੋਂ ਲੰਡਨ ਭੇਜਿਆ ਗਿਆ। ਉਸ ਪੱਤਰ ਵਿੱਚ ਉਹ ਆਪਣੀ ਪਤਨੀ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਸ ਵਿੱਚ ਇੱਕ ਵਾਕ ਇਹ ਸੀ:

"After all what does sex matter after we both of us are gone." (ਲੜਕਾ ਹੋਵੇ ਜਾਂ ਲੜਕੀ, ਕੀ ਫ਼ਰਕ ਪੈਂਦਾ ਹੈ, ਜਦੋਂ ਅਸੀਂ ਦੋਵੇਂ ਹੀ ਇਸ ਦੁਨੀਆ ਤੋਂ ਚਲੇ ਜਾਣਾ ਹੈ।)

ਲਾਰਡ ਕਰਜ਼ਨ ਦਾ ਇਹ ਵਾਕ ਆਪਣੀਆਂ ਉਦਾਸ ਅਤੇ ਅਪੂਰਨ ਇੱਛਾਵਾਂ ਨੂੰ ਛੁਪਾਉਣ ਦੀ ਕੋਸ਼ਿਸ਼ ਸੀ। ਪਰ ਜੇ ਇਹੀ ਗੱਲ ਇਨਸਾਨ ਦੇ ਅੰਦਰ ਚੇਤਨਾ ਦੇ ਪੱਧਰ 'ਤੇ ਪੈਦਾ ਹੋ ਜਾਵੇ, ਤਾਂ ਦੁਨੀਆ ਦੀ ਅੱਧੀ ਸਮੱਸਿਆ ਹੱਲ ਹੋ ਜਾਵੇ। ਦੌਲਤ, ਔਲਾਦ ਤੇ ਸੱਤਾ— ਇਹੀ ਉਹ ਚੀਜ਼ਾਂ ਹਨ, ਜਿਨ੍ਹਾਂ ਨੂੰ ਇਨਸਾਨ ਸਭ ਤੋਂ ਵੱਧ ਚਾਹੁੰਦਾ ਹੈ ਅਤੇ ਇਨ੍ਹਾਂ ਨੂੰ ਹਾਸਲ ਕਰਨ ਲਈ ਸਭ ਕੁਝ ਕਰ ਬੈਠਦਾ ਹੈ। ਪਰ ਜੇ ਇਨਸਾਨ ਇਹ ਸੋਚ ਲਵੇ ਕਿ ਕਿਸੇ ਚੀਜ਼ ਨੂੰ ਪਾਉਣ ਦਾ ਕੀ ਲਾਭ, ਜਦੋਂ ਕੁਝ ਹੀ ਦਿਨਾਂ ਬਾਅਦ ਉਸਨੂੰ ਛੱਡ ਕੇ ਅਗੰਮੀ ਦੁਨੀਆ ਵਿਚ ਚਲੇ ਜਾਣਾ ਹੈ, ਤਾਂ ਲੋਕਾਂ ਦੇ ਅੰਦਰ ਸੰਤੋਖ ਆ ਜਾਵੇ ਅਤੇ ਦੁਨੀਆ ਦਾ ਸਾਰਾ ਜ਼ੁਲਮ ਤੇ ਫ਼ਸਾਦ ਖਤਮ ਹੋ ਜਾਵੇ। ਇਕ ਸੱਚ ਇਹ ਵੀ ਹੈ ਕਿ ਇੱਥੇ ਪਾਉਣ ਅਤੇ ਨਾ ਪਾਉਣ ਵਿੱਚ ਜ਼ਿਆਦਾ ਅੰਤਰ ਨਹੀਂ। ਜੋ "ਪਾਉਣਾ" ਅਗਲੇ ਦਿਨ "ਗਵਾਚ" ਜਾਣਾ ਹੈ, ਉਸ ਪਾਉਣ ਦੀ ਕੀ ਕੀਮਤ ਹੈ। ਇਨਸਾਨ ਆਪਣੀ ਸਾਰੀ ਮਿਹਨਤ ਲਾ ਕੇ ਜੋ ਕੁਝ ਹਾਸਲ ਕਰਦਾ ਹੈ, ਉਹ ਸਿਰਫ਼ ਇਸ ਲਈ ਹੁੰਦਾ ਹੈ ਕਿ ਅਗਲੇ ਹੀ ਪਲ ਉਹ ਉਸਨੂੰ ਗੁਆ ਬੈਠੇ। ਹਰ ਜ਼ਿੰਦਗੀ ਨੂੰ ਆਖ਼ਿਰਕਾਰ ਮੌਤ ਦਾ ਸਾਹਮਣਾ ਕਰਨਾ ਹੈ। ਜਿਹੜੀਆਂ ਵੀ ਲੋਕਪ੍ਰਿਯ ਚੀਜ਼ਾਂ ਇਨਸਾਨ ਆਪਣੇ ਆਲੇ-ਦੁਆਲੇ ਇਕੱਠੀਆਂ ਕਰਦਾ ਹੈ, ਉਹ ਸਭ ਛੱਡ ਕੇ ਉਹ ਇਸ ਦੁਨੀਆ ਤੋਂ ਸਦਾ ਲਈ ਚਲਾ ਜਾਣਾ ਵਾਲਾ ਹੈ।

ਇਨਸਾਨ "ਅੱਜ" ਵਿੱਚ ਜੀਉਂਦਾ ਹੈ ਅਤੇ "ਕੱਲ੍ਹ" ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਇਨਸਾਨ ਦੂਜੇ ਦਾ ਘਰ ਉਜਾੜ ਕੇ ਆਪਣਾ ਘਰ ਬਣਾਉਂਦਾ ਹੈ, ਹਾਲਾਂਕਿ ਅਗਲੇ ਹੀ ਦਿਨ ਉਸਨੇ ਕਬਰ ਵਿੱਚ ਜਾਣਾ ਹੈ। ਇਨਸਾਨ ਦੂਜੇ ਉੱਤੇ ਝੂਠੇ ਮੁਕੱਦਮੇ ਚਲਾ ਕੇ ਉਸਨੂੰ ਦੁਨਿਆਵੀ ਅਦਾਲਤ ਵਿੱਚ ਘਸੀਟਦਾ ਹੈ, ਹਾਲਾਂਕਿ ਫ਼ਰਿਸ਼ਤੇ ਖੁਦ ਉਸਨੂੰ ਖੁਦਾ ਦੀ ਅਦਾਲਤ ਵਿੱਚ ਲਿਜਾਣ ਲਈ ਖੜ੍ਹੇ ਹਨ। ਇਨਸਾਨ ਦੂਜਿਆਂ ਨੂੰ ਨਜ਼ਰਅੰਦਾਜ਼ ਕਰ ਕੇ ਆਪਣੀ ਮਹਾਨਤਾ ਦੇ ਗੁੰਬਦ ਵਿੱਚ ਖੁਸ਼ ਹੁੰਦਾ ਹੈ, ਪਰ ਬਹੁਤ ਜਲਦੀ ਉਹ ਗੁੰਬਦ ਇਸ ਤਰ੍ਹਾਂ ਢਹਿ ਜਾਣਾ ਹੈ ਕਿ ਉਸ ਦੀ ਇੱਕ ਵੀ ਇੱਟ ਬਾਕੀ ਨਹੀਂ ਰਹੇਗੀ।

# ਦੋਜ਼ਖ ਦਾ ਖ਼ਤਰਾ

ਖੁਦਾ ਨੇ ਇਨਸਾਨ ਨੂੰ ਉਸ ਦੀ ਬਣਤਰ ਦੇ ਹਿਸਾਬ ਨਾਲ ਜੰਨਤ ਵਾਲੀ ਮਨੋਬਿਰਤੀ ਨਾਲ ਪੈਦਾ ਕੀਤਾ। ਫਿਰ ਉਸਨੂੰ ਮੌਜੂਦਾ ਦੁਨੀਆ ਵਿੱਚ ਭੇਜ ਦਿੱਤਾ, ਜਿੱਥੇ ਅਜਿਹੇ ਹਾਲਾਤ ਹਨ ਜੋ ਇਨਸਾਨ ਦੇ ਅੰਦਰ ਦੋਜ਼ਖੀ ਮਨੋਬਿਰਤੀ ਨੂੰ ਉਭਾਰਦੇ ਹਨ। ਹੁਣ ਜੋ ਵਿਅਕਤੀ ਨਰਕ (ਦੋਜ਼ਖ) ਦੇ ਸੱਤਵੇਂ ਚੇਂਬਰ ਵਿੱਚ ਰਹਿੰਦਾ ਹੋਇਆ ਵੀ ਆਪਣੇ ਆਪ ਨੂੰ ਮੁੜ ਮਨੁੱਖੀ ਸਰੂਪ ਦੇ ਉੱਚੇ ਸਤਰ ’ਤੇ ਲਿਆ ਸਕੇ, ਦੂਜੇ ਸ਼ਬਦਾਂ ਵਿੱਚ ਦੋਜ਼ਖੀ ਲਾਲਸਾਵਾਂ ਨੂੰ ਜਗਾਉਣ ਵਾਲੇ ਮਾਹੌਲ ਵਿੱਚ ਲੁਕੀਆਂ ਹੋਈਆਂ ਜੰਨਤੀ ਅਕਾਂਖਿਆਵਾਂ ਨੂੰ ਜਗਾ ਲਵੇ, ਉਹੀ ਵਿਅਕਤੀ ਮੌਤ ਤੋਂ ਬਾਅਦ ਅੱਲਾਹ ਦੇ ਗਵਾਂਢ ਵਿਚ ਥਾਂ ਪਾਵੇਗਾ ਅਤੇ ਉਸ ਦੀਆਂ ਨਿਆਮਤਾਂ ਪ੍ਰਾਪਤ ਕਰੇਗਾ। ਬਾਕੀ ਲੋਕ ਧੂੰਏਂ ਅਤੇ ਅੱਗ ਦੀ ਦੁਨੀਆ ਵਿੱਚ ਅਜ਼ਾਬ (Punishment) ਸਹਿਣ ਲਈ ਛੱਡ ਦਿੱਤੇ ਜਾਣਗੇ (ਸੂਰਹ ਅੱਤ-ਤੀਨ)।

ਮੌਜੂਦਾ ਦੁਨੀਆ ਇਮਤਿਹਾਨ ਦੀ ਥਾਂ ਹੈ। ਇਸ ਲਈ ਇਸਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇੱਥੇ ਮੁੜ-ਮੁੜ ਇਨਸਾਨ ਲਈ ਅਜ਼ਮਾਇਸ਼ ਦੇ ਹਾਲਾਤ ਪੈਦਾ ਹੁੰਦੇ ਰਹਿਣ। ਇੱਥੇ ਨਫ਼ੇ ਅਤੇ ਨੁਕਸਾਨ ਦੇ ਮਾਮਲੇ ਹਨ, ਜੋ ਇਨਸਾਨ ਦੇ ਅੰਦਰ ਲਾਲਚ, ਘਮੰਡ ਅਤੇ ਖੁਦਗਰਜ਼ੀ ਦੇ ਅਹਿਸਾਸ ਜਗਾਉਂਦੇ ਹਨ। ਇੱਥੇ ਉਪਰਲੀ ਤੇ ਥੋਥੀਆਂ ਦਿਲਚਸਪੀਆਂ ਹਨ, ਜੋ ਇਨਸਾਨ ਨੂੰ ਵਾਸਨਾ-ਪ੍ਰਸਤੀ, ਨਸ਼ੇਬਾਜ਼ੀ ਅਤੇ ਹੋਰ ਸੁਆਦਾਂ ਵੱਲ ਖਿੱਚ ਲੈਂਦੀਆਂ ਹਨ। ਇੱਥੇ ਇਕ ਇਨਸਾਨ ਦਾ ਦੂਜੇ ਨਾਲ ਮੁਕਾਬਲਾ ਹੁੰਦਾ ਹੈ, ਜਿਸ ਕਾਰਨ ਅੰਦਰ ਅਹੰਕਾਰ ਦੀ ਪੂਜਾ ਅਤੇ “ਮੈਂ” ਦਾ ਸ਼ੈਤਾਨ ਜਾਗ ਪੈਂਦਾ ਹੈ। ਇੱਥੇ ਸਵਾਰਥਾਂ ਦਾ ਟਕਰਾਅ ਹੈ, ਜਿਸ ਨਾਲ ਗੁੱਸਾ, ਨਫ਼ਰਤ ਅਤੇ ਨੀਚਤਾ ਦੀਆਂ ਭਾਵਨਾਵਾਂ ਭੜਕ ਉੱਠਦੀਆਂ ਹਨ। ਇਹੀ ਮੌਜੂਦਾ ਦੁਨੀਆ ਵਿੱਚ “ਨਰਕ ਦਾ ਆਖ਼ਰੀ ਅਤੇ ਸੱਤਵਾਂ ਚੇਂਬਰ” ਬਣ ਜਾਣਾ ਹੈ। ਇਨਸਾਨ ਦਾ ਕੰਮ ਇਹ ਹੈ ਕਿ ਉਹ ਆਪਣੇ ਆਪ ਨੂੰ ਇਸ ਤੋਂ ਉੱਪਰ ਚੁੱਕੇ ਅਤੇ ਖੁਦ ਨੂੰ ਮਨੁੱਖੀ ਸਰੂਪ ਦੀ “ਉੱਤਮ ਸ੍ਰਿਸ਼ਟੀ” ਦੀ ਪੱਧਰ ’ਤੇ ਲੈ ਜਾਵੇ, ਜੋ ਪੈਦਾਇਸ਼ ਦੇ ਹਿਸਾਬ ਨਾਲ ਉਸ ਦਾ ਅਸਲ ਪੱਧਰ ਹੈ।

ਕੋਈ ਫਲ ਅੰਦਰੋਂ ਚੰਗਾ ਹੈ ਜਾਂ ਮਾੜਾ, ਇਹ ਤਾਂ ਉਸ ਵੇਲੇ ਪਤਾ ਲੱਗਦਾ ਹੈ ਜਦੋਂ ਉਸਨੂੰ ਤੋੜਿਆ ਜਾਵੇ। ਇਹੀ ਹਾਲ ਇਨਸਾਨ ਦਾ ਹੈ। ਕੋਈ ਵਿਅਕਤੀ ਦੋਜ਼ਖੀ ਭਾਵਨਾਵਾਂ ਵਿੱਚ ਜੀਓ ਰਿਹਾ ਹੈ ਜਾਂ ਜੰਨਤੀ ਭਾਵਨਾਵਾਂ ਅਤੇ ਅਕਾਂਖਿਆਵਾਂ ਵਿੱਚ— ਇਹ ਤਾਂ ਉਸ ਵੇਲੇ ਹੀ ਸਾਹਮਣੇ ਆਉਂਦਾ ਹੈ ਜਦੋਂ ਉਸ ਦੀ ਹਸਤੀ "ਟੁੱਟਦੀ" ਹੈ। ਜਦੋਂ ਇਨਸਾਨ ਸਾਹਮਣੇ ਕੋਈ ਵਿਰੋਧੀ ਜਾਂ ਪ੍ਰਤਿਕੂਲ ਹਾਲਾਤ ਆ ਜਾਂਦੇ ਹਨ, ਉਸ ਵੇਲੇ ਉਸ ਦੀ ਅਸਲੀਅਤ ਖੁਲ੍ਹ ਕੇ ਸਾਹਮਣੇ ਆਉਂਦੀ ਹੈ। ਐਸੇ ਮੌਕੇ 'ਤੇ ਇਨਸਾਨ ਜੋ ਪ੍ਰਤੀਕਿਰਿਆ ਦਿੰਦਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਉਹ ਜੰਨਤੀ ਮਨੋਬਿਰਤੀ ਦਾ ਧਾਰਣੀ ਸੀ ਜਾਂ ਦੋਜ਼ਖੀ ਮਨੋਬਿਰਤੀ ਦਾ। ਜਦੋਂ ਦੋ ਇਨਸਾਨਾਂ ਵਿਚਕਾਰ ਪੈਸੇ ਜਾਂ ਜਾਇਦਾਦ ਦਾ ਝਗੜਾ ਖੜ੍ਹਾ ਹੋ ਜਾਂਦਾ ਹੈ, ਜਦੋਂ ਕਿਸੇ ਮਾਮਲੇ ਵਿੱਚ ਦੋ ਧਿਰਾਂ ਵਿਚਕਾਰ ਤਣਾਅ ਪੈਦਾ ਹੋ ਜਾਂਦਾ ਹੈ, ਜਦੋਂ ਵੱਖ-ਵੱਖ ਵਿਚਾਰਾਂ ਵਾਲਿਆਂ ਵਿਚਕਾਰ ਅਸਹਿਮਤੀ ਹੋ ਜਾਂਦੀ ਹੈ, ਜਾਂ ਜਦੋਂ ਇੱਕ ਅਹੁਦੇ ਲਈ ਦੋ ਦਾਵੇਦਾਰਾਂ ਵਿਚਕਾਰ ਟਕਰਾਅ ਸ਼ੁਰੂ ਹੋ ਜਾਂਦਾ ਹੈ— ਇਹੀ ਉਹ ਮੌਕੇ ਹੁੰਦੇ ਹਨ ਜਦੋਂ ਇਹ ਸਾਫ਼ ਹੋ ਜਾਂਦਾ ਹੈ ਕਿ ਇਨਸਾਨ ਅਸਲ ਵਿੱਚ ਕੀ ਹੈ। ਐਸੇ ਮੌਕਿਆਂ 'ਤੇ ਜੋ ਵਿਅਕਤੀ ਨਫ਼ਰਤ, ਖੁਦਗਰਜ਼ੀ, ਬੇਇਨਸਾਫ਼ੀ ਅਤੇ ਅਹੰਕਾਰ ਦਾ ਪ੍ਰਦਰਸ਼ਨ ਕਰੇ, ਉਹ ਆਪਣੇ ਕਰਮ ਨਾਲ ਇਹ ਸਾਬਤ ਕਰ ਦਿੰਦਾ ਹੈ ਕਿ ਉਹ ਦੋਜ਼ਖੀ ਭਾਵਨਾਵਾਂ ਵਿੱਚ ਜੀਓ ਰਿਹਾ ਸੀ। ਉਹ ਸ਼ੈਤਾਨ ਅਤੇ ਇਬਲੀਸ ਦਾ ਗਵਾਂਢੀ ਸੀ। ਇਸਦੇ ਉਲਟ, ਜਿਸ ਵਿਅਕਤੀ ਦੀ ਪ੍ਰਤੀਕਿਰਿਆ ਇਨ੍ਹਾਂ ਮੌਕਿਆਂ 'ਤੇ ਪ੍ਰੇਮ, ਮੁਹੱਬਤ, ਨਿਸ਼ਕਾਮਤਾ, ਬੇਗਰਜ਼ੀ, ਨਿਆ ਭਰਪੂਰ ਅਤੇ ਸਤਿਕਾਰ ਦੇ ਰੂਪ ਵਿੱਚ ਸਾਹਮਣੇ ਆਵੇ, ਉਹ ਇਹ ਸਾਬਤ ਕਰਦੀ ਹੈ ਕਿ ਉਹ ਜੰਨਤੀ ਮਨੋਬਿਰਤੀ ਅਤੇ ਭਾਵਨਾਵਾਂ ਵਿੱਚ ਜੀਓ ਰਿਹਾ ਸੀ। ਉਸਦੇ ਦਿਨ-ਰਾਤ ਖੁਦਾ ਅਤੇ ਉਸਦੇ ਫ਼ਰਿਸ਼ਤਿਆਂ ਦੇ ਗਵਾਂਢ ਵਿੱਚ ਗੁਜ਼ਰਦੇ ਹਨ। ਜੋ ਵਿਅਕਤੀ ਦੁਨੀਆ ਵਿੱਚ ਸ਼ੈਤਾਨ ਦਾ ਗਵਾਂਢੀ ਹੈ, ਆਖ਼ਿਰਤ ਵਿੱਚ ਵੀ ਉਸਨੂੰ ਸ਼ੈਤਾਨ ਦਾ ਹੀ ਗਵਾਂਢ ਮਿਲੇਗਾ ਅਤੇ ਜੋ ਵਿਅਕਤੀ ਦੁਨੀਆ ਵਿੱਚ ਖੁਦਾ ਅਤੇ ਫ਼ਰਿਸ਼ਤਿਆਂ ਦਾ ਗਵਾਂਢੀ ਹੈ, ਉਹ ਆਖ਼ਿਰਤ ਵਿੱਚ ਵੀ ਖੁਦਾ ਅਤੇ ਫ਼ਰਿਸ਼ਤਿਆਂ ਦੇ ਗਵਾਂਢ ਵਿੱਚ ਹੀ ਰਹੇਗਾ।

# ਜਦੋਂ ਮੌਤ ਹਰ ਚੀਜ਼ ਨੂੰ ਝੁਠਾ ਪਾ ਦਵੇਗੀ

ਉਹ ਵੇਲਾ ਕਿੰਨਾ ਅਜੀਬ ਹੋਵੇਗਾ, ਜਦੋਂ ਲੋਕਾਂ ਨੂੰ ਇਹ ਸਮਝ ਆਵੇਗੀ ਕਿ ਫ਼ਰਜ਼ ਦੇ ਨਾਂ 'ਤੇ ਦੁਨੀਆ ਵਿੱਚ ਜੋ ਕੁਝ ਉਹ ਕਰਦੇ ਰਹੇ, ਉਹ ਦਰਅਸਲ ਕਰਮਹੀਨਤਾ ਦੀ ਇਕ ਵਿਸ਼ਾਲ ਤੇ ਵਿਕ੍ਰਿਤ ਸ਼ਕਲ ਸੀ। ਲੋਕ ਆਪਣੇ ਆਪ ਨੂੰ ਉੱਚਾ ਚੁੱਕ ਕੇ ਮਾਣ ਕਰਦੇ ਰਹੇ, ਹਾਲਾਂਕਿ ਉਨ੍ਹਾਂ ਲਈ ਮਾਣ ਦੀ ਅਸਲ ਗੱਲ ਇਹ ਸੀ ਕਿ ਉਹ ਆਪਣੇ ਆਪ ਨੂੰ ਅੱਲਾਹ ਦੇ ਹੁਕਮ ਅੱਗੇ ਝੁਕਾ ਦਿੰਦੇ। ਉਹ ਆਪਣੀਆਂ ਗਲਤੀਆਂ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਕਾਮਯਾਬੀ ਸਮਝਦੇ ਰਹੇ, ਜਦਕਿ ਉਨ੍ਹਾਂ ਦੀ ਅਸਲ ਕਾਮਯਾਬੀ ਇਹ ਸੀ ਕਿ ਉਹ ਆਪਣੀਆਂ ਗਲਤੀਆਂ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰ ਲੈਂਦੇ। ਉਨ੍ਹਾਂ ਨੂੰ ਸ਼ਬਦ ਇਸ ਲਈ ਦਿੱਤੇ ਗਏ ਸਨ ਕਿ ਉਹ ਅੱਲਾਹ ਦੀ ਸਿਫ਼ਤ ਵਿੱਚ ਵਰਤਣ, ਪਰ ਉਹ ਆਪਣੇ ਸ਼ਬਦ ਭੰਡਾਰ ਨੂੰ ਇਨਸਾਨਾਂ ਦੀ ਸਿਫ਼ਤ 'ਚ ਜ਼ਾਇਆ ਕਰਦੇ ਰਹੇ। ਉਨ੍ਹਾਂ ਦੇ ਅੰਦਰ ਡਰ ਅਤੇ ਮੁਹੱਬਤ ਦੇ ਨਾਜ਼ੁਕ ਜਜ਼ਬਾਤ ਇਸ ਲਈ ਪਾਏ ਗਏ ਸਨ ਕਿ ਉਹ ਉਨ੍ਹਾਂ ਨੂੰ ਖ਼ੁਦਾ ਲਈ ਸਮਰਪਿਤ ਕਰ ਦੇਣ, ਪਰ ਉਹ ਹੋਰ ਚੀਜ਼ਾਂ ਨੂੰ ਆਪਣੇ ਡਰ ਅਤੇ ਮੁਹੱਬਤ ਦਾ ਕੇਂਦਰ ਬਣਾਉਂਦੇ ਰਹੇ। ਉਨ੍ਹਾਂ ਨੇ ਦੌਲਤ ਇਕੱਠੀ ਕਰਨ ਨੂੰ ਸਭ ਤੋਂ ਵੱਡੀ ਪ੍ਰਾਪਤੀ ਸਮਝਿਆ, ਹਾਲਾਂਕਿ ਉਨ੍ਹਾਂ ਲਈ ਸਭ ਤੋਂ ਵੱਡੀ ਪ੍ਰਾਪਤੀ ਇਹ ਸੀ ਕਿ ਉਹ ਆਪਣਾ ਧੰਨ-ਸੰਪਤੀ ਅੱਲਾਹ ਦੀ ਰਾਹ ਵਿੱਚ ਦੇ ਕੇ ਨਿਰਧਨ ਹੋ ਜਾਣ। ਉਨ੍ਹਾਂ ਦਾ ਅਸਲ ਕਮਾਲ ਇਹ ਸੀ ਕਿ ਉਹ ਕਮਜ਼ੋਰਾਂ ਦਾ ਲਿਹਾਜ਼ ਕਰਦੇ, ਪਰ ਉਹ ਕਮਜ਼ੋਰਾਂ ਨੂੰ ਅਣਡਿੱਠਾ ਕਰ ਕੇ ਤਾਕਤਵਰਾਂ ਦਾ ਸਵਾਗਤ ਕਰਦੇ ਰਹੇ। ਉਨ੍ਹਾਂ ਲਈ ਬਿਹਤਰ ਇਹ ਸੀ ਕਿ ਉਹ ਅਰਥਾਂ ਦੇ ਖਾਮੋਸ਼ ਸਮੁੰਦਰ ਵਿੱਚ ਡੁੱਬਕੀ ਲਗਾਉਂਦੇ, ਪਰ ਉਹ ਸ਼ੋਰ-ਗੁਲ ਤੇ ਹੰਗਾਮਾ ਕਰਨ ਵਿਚ ਵਿਅਰਥ ਰਹੇ। ਉਨ੍ਹਾਂ ਦੀ ਤਰੱਕੀ ਦਾ ਰਾਜ ਇਹ ਸੀ ਕਿ ਉਹ ਆਪਣੇ ਆਪ ਨੂੰ ਸੰਵਾਰਦੇ ਜਾਂ ਪਰਿਭਾਸ਼ਿਤ ਕਰਦੇ, ਪਰ ਉਹ ਹੋਰਨਾਂ ਨੂੰ ਪਰਿਭਾਸ਼ਿਤ ਕਰਨ ਵਿੱਚ ਵਿਆਸਤ ਰਹੇ। ਉਨ੍ਹਾਂ ਤੋਂ ਇਹ ਉਮੀਦ ਸੀ ਕਿ ਜੇ ਦੁਨੀਆ ਦੀ ਦੌਲਤ ਜਾਂ ਇੱਜ਼ਤ ਮਿਲੇ ਤਾਂ ਉਸਨੂੰ ਅਸੱਤ ਸਮਝ ਕੇ ਉਸ ਤੋਂ ਦੂਰੀ ਦਾ ਸਬੂਤ ਦੇਣ, ਪਰ ਉਹ ਉਸੇ ਨੂੰ ਸਭ ਤੋਂ ਵੱਡੀ ਚੀਜ਼ ਸਮਝ ਬੈਠੇ।

ਅੱਜ ਦੀ ਦੁਨੀਆ ਵਿੱਚ ਲੋਕ ਦੂਜਿਆਂ ਦੇ ਜ਼ੁਲਮ ਦਾ ਐਲਾਨ ਕਰਨ

ਵਿੱਚ ਆਪਣੇ ਆਪ ਨੂੰ ਬਹਾਦਰ ਸਮਝਦੇ ਹਨ। ਉਸ ਵੇਲੇ ਲੋਕਾਂ ਦਾ ਕੀ ਹਾਲ ਹੋਵੇਗਾ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਅਸਲ ਬਹਾਦਰੀ ਇਹ ਸੀ ਕਿ ਉਹ ਖੁਦ ਆਪਣੇ ਜ਼ੁਲਮ ਨੂੰ ਪਛਾਣਦੇ। ਲੋਕ ਕਿਸੇ ਨਾ ਕਿਸੇ ਗੈਰ-ਖ਼ੁਦਾ ਦਾ ਦਾਮਨ ਫੜ ਕੇ ਸਮਝ ਰਹੇ ਹਨ ਕਿ ਉਨ੍ਹਾਂ ਨੇ ਆਪਣੇ ਲਈ ਮਜ਼ਬੂਤ ਪਨਾਹ ਲੱਭ ਲਈ ਹੈ। ਉਸ ਵੇਲੇ ਲੋਕਾਂ ਦਾ ਕੀ ਬਣੇਗਾ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਖ਼ੁਦਾ ਤੋਂ ਬਿਨਾਂ ਕੋਈ ਵੀ ਪਨਾਹ ਦੇਣ ਵਾਲਾ ਨਹੀਂ ਸੀ। ਲੋਕ ਸ਼ਬਦ ਬੋਲ ਕੇ ਆਪਣੇ ਆਪ ਨੂੰ ਜ਼ਿੰਮੇਵਾਰੀਆਂ ਤੋਂ ਆਜ਼ਾਦ ਸਮਝ ਰਹੇ ਹਨ। ਉਸ ਵੇਲੇ ਲੋਕਾਂ ਦਾ ਕੀ ਹਾਲ ਹੋਵੇਗਾ, ਜਦੋਂ ਉਨ੍ਹਾਂ ਨੂੰ ਸਮਝ ਆਵੇਗੀ ਕਿ ਸਿਰਫ਼ ਸੱਚਾਈਆਂ ਹੀ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਸਕਦੀਆਂ ਹਨ। ਲੋਕ ਦੁਨਿਆਵੀ ਪਦਾਰਥਾਂ ਨੂੰ ਇਕੱਠਾ ਕਰ ਕੇ ਇਸ ਤਸੱਲੀ ਵਿਚ ਹਨ ਕਿ ਉਨ੍ਹਾਂ ਨੇ ਸਭ ਕੁਝ ਹਾਸਲ ਕਰ ਲਿਆ ਹੈ। ਉਸ ਵੇਲੇ ਉਨ੍ਹਾਂ ਦਾ ਕੀ ਹਾਲ ਹੋਵੇਗਾ, ਜਦੋਂ ਮੌਤ ਉਨ੍ਹਾਂ ਦੀ ਹਰ ਚੀਜ਼ ਨੂੰ ਝੂਠਾ ਪਾ ਦਵੇਗੀ ਅਤੇ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਕਮਇਆ ਸੀ। ਲੋਕ ਦੂਜਿਆਂ ਦੀਆਂ ਗਲਤੀਆਂ ਦੀਆਂ ਸੂਚੀਆਂ ਬਣਾਉਂਦੇ ਫਿਰ ਰਹੇ ਹਨ। ਉਸ ਵੇਲੇ ਉਨ੍ਹਾਂ ਦੀ ਕੀ ਹਾਲਤ ਹੋਵੇਗੀ, ਜਦੋਂ ਫ਼ਰਿਸ਼ਤੇ ਖੁਦ ਉਨ੍ਹਾਂ ਦੀਆਂ ਗਲਤੀਆਂ ਦੀ ਲੰਮੀ ਸੂਚੀ ਉਨ੍ਹਾਂ ਦੇ ਸਾਹਮਣੇ ਰੱਖਣਗੇ। ਲੋਕ ਜ਼ਿੰਦਗੀ ਨੂੰ ਅਸਲ ਮਸਲਾ ਸਮਝ ਬੈਠੇ ਹਨ। ਉਸ ਵੇਲੇ ਉਨ੍ਹਾਂ ਦਾ ਕੀ ਹਾਲ ਹੋਵੇਗਾ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਦਾ ਅਸਲ ਮਸਲਾ ਮੌਤ ਸੀ, ਨਾ ਕਿ ਕੁਝ ਦਿਨਾਂ ਦੀ ਜ਼ਿੰਦਗੀ। ਲੋਕ ਬਣਾਵਟੀ ਸਤਹ ਅਨੁਸਾਰ ਆਪਣੇ ਆਪ ਨੂੰ ਸੱਚਾ ਸਮਝ ਰਹੇ ਹਨ। ਉਸ ਵੇਲੇ ਉਨ੍ਹਾਂ ਦਾ ਕੀ ਹਾਲ ਹੋਵੇਗਾ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਸੱਚਾ ਸਿਰਫ਼ ਉਹ ਸੀ ਜੋ ਅੱਲਾਹ ਵੱਲੋਂ ਨਿਰਧਾਰਤ ਸਤਹ 'ਤੇ ਖਰਾ ਉਤਰਦਾ ਸੀ, ਨਾ ਕਿ ਉਹ ਜੋ ਸਵਾਗਤ ਕਰਨ ਵਾਲਿਆਂ ਦੀ ਭੀੜ ਨਾਲ ਘਿਰੇ ਰਹੇ।

ਹਰ ਇਨਸਾਨ ਨੇ ਆਪਣੀ ਖ਼ਿਆਲੀ ਦੁਨੀਆ ਬਣਾਈ ਹੋਈ ਹੈ ਅਤੇ ਉਸੀ ਕਲਪਿਤ ਦੁਨੀਆ ਵਿੱਚ ਆਪਣੇ ਆਪ ਨੂੰ ਤਸੱਲੀ ਦੇ ਰਿਹਾ ਹੈ, ਪਰ ਕਿਆਮਤ ਉਹ ਸਾਰੇ ਭੁਲੇਖਿਆਂ ਨੂੰ ਤੋੜ ਦਵੇਗੀ। ਉਸ ਵੇਲੇ ਸਿਰਫ਼ ਉਹੀ ਇਨਸਾਨ ਮਹਿਫ਼ੂਜ਼ ਹੋਵੇਗਾ, ਜਿਸ ਨੇ ਖ਼ੁਦਾ ਦੇ "ਘਰ" ਵਿੱਚ ਪਨਾਹ ਲਈ ਹੋਵੇਗੀ ਅਤੇ ਜਿਸ ਨੇ ਆਪਣੇ ਲਈ ਖ਼ੁਦਾ ਦੀ ਹਿਫ਼ਾਜ਼ਤ ਅਤੇ ਉਸੇ ਦਾ ਸਾਇਆ ਹਾਸਲ ਕੀਤਾ ਹੋਵੇਗਾ।

# ਇਹ ਦੋਜ਼ਖੀ ਕਾਫ਼ਲੇ

"ਹਰ ਇਨਸਾਨ ਜੰਨਤ ਦੀ ਖੋਜ ਵਿੱਚ ਹੈ, ਪਰ ਹਰ ਇਨਸਾਨ ਆਪਣੀ ਜੰਨਤ ਦੋਜ਼ਖ ਵਿੱਚ ਲੱਭ ਰਿਹਾ ਹੈ।" ਇਹ ਸ਼ਬਦ ਮੇਰੀ ਜ਼ੁਬਾਨ ਤੋਂ ਬਿਨਾਂ ਸੋਚੇ ਨਿਕਲ ਗਏ। "ਲੋਕ ਕੰਡਿਆਂ ਵਿੱਚ ਫੁੱਲ ਲੱਭ ਰਹੇ ਹਨ, ਉਹ ਆਪਣੀ ਜ਼ਿੰਦਗੀ ਨੂੰ ਖੰਡਰ ਬਣਾ ਰਹੇ ਹਨ ਅਤੇ ਸਮਝਦੇ ਹਨ ਕਿ ਬਹੁਤ ਜਲਦੀ ਉਨ੍ਹਾਂ ਲਈ ਇਕ ਸ਼ਾਨਦਾਰ ਮਹਿਲ ਖੜ੍ਹਾ ਹੋ ਜਾਵੇਗਾ।"

ਹਰ ਇਨਸਾਨ ਆਪਣੀ ਜ਼ਿੰਦਗੀ ਸਵਾਰਨ ਵਿੱਚ ਲੱਗਾ ਹੋਇਆ ਹੈ। ਕੋਈ ਵਪਾਰ ਅਤੇ ਨੌਕਰੀ ਦੇ ਮੈਦਾਨ ਵਿੱਚ ਮਿਹਨਤ ਕਰ ਰਿਹਾ ਹੈ, ਕੋਈ ਨੇਤ੍ਰਿਤਵ ਦੇ ਖੇਤਰ ਵਿੱਚ ਆਪਣਾ ਨਾਮ ਉੱਚਾ ਕਰਨ ਲਈ ਸਰਗਰਮ ਹੈ। ਕਿਸੇ ਦਾ ਦਿਮਾਗ਼ ਸੁੰਦਰ ਸ਼ਬਦਾਂ ਦਾ ਕਾਰਖਾਨਾ ਬਣਿਆ ਹੋਇਆ ਹੈ ਤਾਂ ਜੋ ਉਹ ਲੋਕਾਂ ਦੀ ਭੀੜ ਨੂੰ ਆਪਣੇ ਆਲੇ-ਦੁਆਲੇ ਇਕੱਠਾ ਕਰ ਸਕੇ। ਹਰ ਇਨਸਾਨ ਆਪਣੇ ਜ਼ਿਹਨ ਵਿੱਚ ਭਵਿੱਖ ਦਾ ਇਕ ਸੁਹਾਵਣਾ ਸੁਪਨਾ ਪਾਲ ਰਿਹਾ ਹੈ ਅਤੇ ਉਸ ਸੁਪਨੇ ਨੂੰ ਸਾਕਾਰ ਕਰਨ ਵਿੱਚ ਦਿਨ-ਰਾਤ ਵਿਅਸਤ ਹੈ। ਪਰ ਜਦੋਂ ਲੋਕਾਂ ਦੇ ਨੇੜੇ ਜਾ ਕੇ ਉਨ੍ਹਾਂ ਨੂੰ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਕੋਲ ਗਲਤ ਕਰਮ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ।

ਇਨਸਾਨ ਆਪਣੇ ਰਿਸ਼ਤੇਦਾਰਾਂ ਦੇ ਹੱਕਾਂ ਤੋਂ ਬੇਪਰਵਾਹ ਹੋ ਕੇ ਆਪਣੇ ਬੱਚਿਆਂ ਦਾ ਭਵਿੱਖ ਬਣਾਉਣਾ ਚਾਹੁੰਦਾ ਹੈ। ਉਹ ਆਪਣੇ ਪੜੋਸੀਆਂ ਨੂੰ ਦੁੱਖ ਦੇ ਕੇ ਦੂਰ ਦੇ ਲੋਕਾਂ ਵਿੱਚ ਨਾਮ ਕਮਾਉਣ ਦੀਆਂ ਤਦਬੀਰਾਂ ਕਰਦਾ ਹੈ। ਉਹ ਆਪਣੇ ਨਿੱਜੀ ਮਾਮਲਿਆਂ ਵਿੱਚ ਬੇਇਨਸਾਫ਼ੀ ਕਰ ਕੇ ਬਾਹਰਲੀ ਦੁਨੀਆ ਵਿੱਚ ਇਨਸਾਫ਼ ਦਾ ਝੰਡਾਬਰਦਾਰ ਬਣਿਆ ਫਿਰਦਾ ਹੈ। ਉਹ ਆਪਣੇ ਖ਼ਿਲਾਫ਼ ਇਕ ਸ਼ਬਦ ਵੀ ਸੁਣਨ ਲਈ ਤਿਆਰ ਨਹੀਂ, ਪਰ ਦੂਜਿਆਂ ਖ਼ਿਲਾਫ਼ ਸਭ ਕੁਝ ਕਹਿਣ ਅਤੇ ਕਰਨ ਵਿੱਚ ਆਪਣੇ ਆਪ ਨੂੰ ਖ਼ੁਦਾਈ ਫ਼ੌਜਦਾਰ ਸਮਝਦਾ ਹੈ।

ਖ਼ੁਦਾ ਨੇ ਆਪਣੀ ਦੁਨੀਆ ਵਿੱਚ ਇਨਸਾਨ ਲਈ ਉਹ ਸਭ ਕੁਝ ਰੱਖਿਆ ਹੈ ਜੋ ਉਹ ਚਾਹੁੰਦਾ ਹੈ, ਬਲਕਿ ਉਸ ਤੋਂ ਵੀ ਵੱਧ। ਪਰ ਖ਼ੁਦਾ ਦੀ ਦੁਨੀਆ

ਵਿੱਚ ਹਰ ਚੰਗੀ ਚੀਜ਼ ਹਾਸਲ ਕਰਨ ਦਾ ਰਾਹ ਚੰਗਾ ਕਰਮ ਹੈ। ਖ਼ੁਦਾ ਦਾ ਇਨਾਮ ਉਨ੍ਹਾਂ ਨੂੰ ਮਿਲਦਾ ਹੈ ਜੋ ਆਪਣੇ ਸਬੰਧੀਆਂ ਦੇ ਹੱਕ ਅਦਾ ਕਰਦੇ ਹਨ, ਜੋ ਆਪਣੇ ਪੜੋਸੀਆਂ ਨੂੰ ਆਪਣੀ ਬਰਬਰਤਾ ਅਤੇ ਝੂਠ ਤੋਂ ਬਚਾਉਂਦੇ ਹਨ, ਜੋ ਆਪਣੇ ਕਰਮਾਂ ਵਿੱਚ ਦੂਜਿਆਂ ਨਾਲ ਇਨਸਾਫ਼ ਕਰਦੇ ਹਨ। ਜੋ ਆਪਣੇ ਆਪ ਦੀ ਪੂਜਾ ਦੀ ਥਾਂ ਖ਼ੁਦਾ ਦੀ ਪਸੰਦੀਦਾ ਰਾਹ ’ਤੇ ਆਪਣੀ ਜ਼ਿੰਦਗੀ ਬਤੀਤ ਕਰਦੇ ਹਨ। ਜੋ ਲੋਕਾਂ ਨਾਲ ਹੱਕ ਅਤੇ ਇਨਸਾਫ਼ ਦੇ ਅਧਾਰ ’ਤੇ ਪੇਸ਼ ਆਉਂਦੇ ਹਨ, ਨਾ ਕਿ ਅਹੰਕਾਰ ਅਤੇ ਖੁਦਗਰਜ਼ੀ ਦੇ ਅਧਾਰ ’ਤੇ। ਜੋ ਸੱਚ ਦੇ ਅੱਗੇ ਝੁਕ ਜਾਂਦੇ ਹਨ, ਭਾਵੇਂ ਉਹ ਉਨ੍ਹਾਂ ਦੇ ਖ਼ਿਲਾਫ਼ ਹੀ ਕਿਉਂ ਨਾ ਹੋਵੇ। ਜੋ ਆਪਣੇ ਅਹੰਕਾਰ ਨੂੰ ਖ਼ੁਦਾ ਦੇ ਹਵਾਲੇ ਕਰ ਦਿੰਦੇ ਹਨ ਅਤੇ ਖ਼ੁਦਾ ਦੀ ਦੁਨੀਆ ਵਿੱਚ ਅਹੰਕਾਰ-ਮੁਕਤ ਹੋ ਕੇ ਜੀਣ ਲਈ ਰਾਜ਼ੀ ਹੋ ਜਾਂਦੇ ਹਨ।

ਲੋਕ ਦੋਜ਼ਖ ਦੇ ਅੰਗਾਰਿਆਂ ਵਿੱਚ ਛਾਲਾਂ ਮਾਰਦੇ ਹਨ ਅਤੇ ਸਮਝਦੇ ਹਨ ਕਿ ਉਹ ਸੁੰਦਰ ਫੁੱਲਾਂ ਨਾਲ ਖੇਡ ਰਹੇ ਹਨ। ਉਹ ਦੋਜ਼ਖ ਦੇ ਰਾਹਾਂ ’ਤੇ ਦੌੜ ਰਹੇ ਹਨ ਅਤੇ ਖੁਸ਼ ਹਨ ਕਿ ਬਹੁਤ ਜਲਦੀ ਉਹ ਜੰਨਤ ਦੇ ਬਾਗਾਂ ਵਿੱਚ ਪਹੁੰਚ ਜਾਣਗੇ। ਅਫ਼ਸੋਸ ਉਸ ਕਾਫ਼ਲੇ ’ਤੇ, ਜਿਸ ਕੋਲ ਝੂਠੀ ਖੁਸ਼ਫ਼ਹਮੀ ਤੋਂ ਬਿਨਾਂ ਹੋਰ ਕੋਈ ਪੂੰਜੀ ਨਹੀਂ। ਅਫ਼ਸੋਸ ਉਨ੍ਹਾਂ ਲੋਕਾਂ ’ਤੇ, ਜੋ ਖ਼ੁਦਾ ਦੀ ਦੁਨੀਆ ਵਿੱਚ ਆਪਣੇ ਲਈ ਇਕ ਅਜਿਹੀ ਦੁਨੀਆ ਬਣਾਉਣਾ ਚਾਹੁੰਦੇ ਹਨ, ਜਿਸ ਦੀ ਖ਼ੁਦਾ ਨੇ ਇਜਾਜ਼ਤ ਨਹੀਂ ਦਿੱਤੀ।

# ਖ਼ੁਦਾ ਤੋਂ ਡਰੋ

ਅੱਜ ਕੋਈ ਵੀ ਐਸੀ ਬਸਤੀ ਨਹੀਂ ਰਹੀ ਜਿੱਥੇ ਇੱਕ ਮੁਸਲਮਾਨ ਦੂਜੇ ਮੁਸਲਮਾਨ ਉੱਤੇ ਜ਼ੁਲਮ ਨਾ ਕਰ ਰਿਹਾ ਹੋਵੇ। ਅੱਜ ਮੁਸਲਮਾਨ ਆਪਣੇ ਹੀ ਭਰਾ ਨੂੰ ਸਤਾਉਣ ਲਈ ਸਭ ਤੋਂ ਵੱਧ ਸ਼ੇਰ ਬਣਿਆ ਹੋਇਆ ਹੈ। ਪਰ ਲੋਕ ਕਿਸ ਇਨਸਾਨ ਨੂੰ ਸਤਾਉਂਦੇ ਹਨ? ਉਸ ਇਨਸਾਨ ਨੂੰ ਜੋ ਉਨ੍ਹਾਂ ਦੀ ਨਜ਼ਰ ਵਿੱਚ ਕਮਜ਼ੋਰ ਹੋਵੇ, ਜੋ ਦਾਦਾਗੀਰੀ ਕਰਨੀ ਨਾ ਜਾਣਦਾ ਹੋਵੇ, ਜਿਸ ਨੇ ਆਪਣੇ ਆਲੇ-ਦੁਆਲੇ ਸਾਥੀਆਂ ਦੀ ਕੋਈ ਫੌਜ ਇਕੱਠੀ ਨਾ ਕੀਤੀ ਹੋਵੇ, ਜੋ ਪੁਲਿਸ ਅਤੇ ਕਚਹਿਰੀ ਤੋਂ ਦੂਰ ਰਹਿਣਾ ਚਾਹੁੰਦਾ ਹੋਵੇ। ਲੋਕ ਕਮਜ਼ੋਰਾਂ ਦੇ ਸਾਹਮਣੇ

ਬਹਾਦਰ ਬਣ ਜਾਂਦੇ ਹਨ ਅਤੇ ਜੋ ਵਿਅਕਤੀ ਲੋਕਾਂ ਨੂੰ ਤਾਕਤਵਰ ਦਿੱਸਦਾ ਹੋਵੇ, ਉਸ ਦੇ ਸਾਹਮਣੇ ਕੋਈ ਵੀ ਬਹਾਦਰ ਨਹੀਂ ਬਣਦਾ।

ਪਰ ਇਹ ਅੰਨ੍ਹੀ ਅੱਖ ਨਾਲ ਵੇਖਣਾ ਹੈ। ਜੇ ਉਨ੍ਹਾਂ ਕੋਲ ਵੇਖਣ ਵਾਲੀ ਅੱਖ ਹੋਵੇ, ਤਾਂ ਉਹ ਸਭ ਤੋਂ ਵੱਧ ਉਸ ਤੋਂ ਡਰਨ ਜਿਸ ਨੂੰ ਉਹ ਕਮਜ਼ੋਰ ਸਮਝਦੇ ਹਨ। ਕਿਉਂਕਿ ਜੋ ਵਿਅਕਤੀ ਬੇਜ਼ੋਰ ਜਾਂ ਕਮਜ਼ੋਰ ਹੁੰਦਾ ਹੈ, ਉਸ ਦੇ ਨਾਲ ਖ਼ੁਦਾ ਖੜਾ ਹੁੰਦਾ ਹੈ।

ਦੁਨੀਆ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਇਮਤਿਹਾਨ ਦੀ ਯੋਜਨਾ ਅਧੀਨ ਹੋ ਰਿਹਾ ਹੈ। ਖ਼ੁਦਾ ਪਰਖ ਕਰਕੇ ਹਰ ਵਿਅਕਤੀ ਬਾਰੇ ਜਾਣਨਾ ਚਾਹੁੰਦਾ ਹੈ ਕਿ ਉਨ੍ਹਾਂ ਵਿੱਚੋਂ ਕੌਣ ਅੱਲਾਹ ਤੋਂ ਡਰਣ ਵਾਲਾ ਹੈ ਅਤੇ ਕੌਣ ਅੱਲਾਹ ਤੋਂ ਬੇਖ਼ੌਫ਼ ਹੈ। ਇਹ ਪਰਖ ਉਹਨਾਂ ਲੋਕਾਂ ਦੇ ਪੱਧਰ ’ਤੇ ਨਹੀਂ ਹੋ ਸਕਦੀ ਜੋ ਆਪਣੀ ਤਾਕਤ ਦੇ ਜ਼ੋਰ ’ਤੇ ਲੋਕਾਂ ਨੂੰ ਡਰਾਉਂਦੇ ਅਤੇ ਕੁਚਲਦੇ ਹਨ, ਜਿਨ੍ਹਾਂ ਦੀ ਤਾਕਤ ਦੇਖ ਕੇ ਕਿਸੇ ਦੀ ਉਨ੍ਹਾਂ ਉੱਤੇ ਹੱਥ ਚੁੱਕਣ ਦੀ ਹਿੰਮਤ ਨਹੀਂ ਹੁੰਦੀ। ਜੇ ਉਨ੍ਹਾਂ ਦੇ ਖ਼ਿਲਾਫ਼ ਲੋਕ ਬੁਰਾਈ ਨਹੀਂ ਕਰਦੇ, ਤਾਂ ਇਹ ਉਨ੍ਹਾਂ ਦੀ ਆਪਣੀ ਤਾਕਤ ਦੇ ਡਰ ਕਰਕੇ ਹੁੰਦਾ ਹੈ, ਨਾ ਕਿ ਖ਼ੁਦਾ ਦੇ ਡਰ ਕਰਕੇ। ਪਰ ਇੱਕ ਐਸਾ ਵਿਅਕਤੀ ਵੀ ਹੁੰਦਾ ਹੈ ਜਿਸ ਕੋਲ ਉਹਨਾਂ ਵਿੱਚੋਂ ਕੋਈ ਵੀ ਚੀਜ਼ ਨਹੀਂ ਹੁੰਦੀ ਜੋ ਲੋਕਾਂ ਨੂੰ ਰੋਬ ਅਤੇ ਡਰ ਵਿੱਚ ਰੱਖੇ। ਜੇ ਕੋਈ ਉਸ ਨੂੰ ਸਤਾਉਣ ਤੋਂ ਬਚਦਾ ਹੈ, ਤਾਂ ਉਸ ਦਾ ਕਾਰਨ ਬਿਲਕੁਲ ਵਿਹਾਰਕ ਹੁੰਦਾ ਹੈ, ਨਾ ਕਿ ਅੰਦਰੂਨੀ ਜਾਂ ਮਨੋਵਿਗਿਆਨਕ। ਖ਼ੁਦਾ ਕੁਝ ਲੋਕਾਂ ਨੂੰ ਬੇਜ਼ੋਰ ਅਤੇ ਬੇਹੈਸਿਅਤ ਬਣਾ ਕੇ ਲੋਕਾਂ ਦੇ ਵਿਚਕਾਰ ਖੜ੍ਹਾ ਕਰ ਦਿੰਦਾ ਹੈ ਅਤੇ ਫਿਰ ਵੇਖਦਾ ਹੈ ਕਿ ਲੋਕ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕਰਦੇ ਹਨ। ਜੋ ਵਿਅਕਤੀ ਕਮਜ਼ੋਰ ਇਨਸਾਨ ਨਾਲ ਬੇਇਨਸਾਫ਼ੀ ਕਰਨ ਤੋਂ ਡਰ ਗਿਆ, ਸਮਝੋ ਉਹ ਖ਼ੁਦਾ ਤੋਂ ਡਰ ਗਿਆ ਅਤੇ ਜੋ ਇਸ ਤੋਂ ਨਾ ਡਰਿਆ, ਉਹ ਦੋਜ਼ਖ ਦੀ ਭੜਕਦੀ ਹੋਈ ਅੱਗ ਵੱਲ ਧੱਕਿਆ ਜਾਵੇਗਾ।

ਹਰ ਇਨਸਾਨ ਕੁਕਰਮੀ ਜ਼ਿੰਦਗੀ ਗੁਜ਼ਾਰ ਕੇ ਮਰ ਜਾਂਦਾ ਹੈ, ਤਾਂ ਜੋ ਮੌਤ ਤੋਂ ਬਾਅਦ ਉਸ ਨੂੰ ਖ਼ੁਦਾ ਵੱਲੋਂ ਹੋਰ ਵੀ ਬੁਰੀ ਜ਼ਿੰਦਗੀ ਵੱਲ ਧੱਕਿਆ ਜਾਵੇ।

# ਜਦੋਂ ਹਕੀਕਤ ਖੁੱਲ੍ਹੇਗੀ

ਦੁਨੀਆ ਵਿੱਚ ਕੁਝ ਲੋਕ ਐਸੇ ਹਨ ਜਿਨ੍ਹਾਂ ਦੇ ਦਿਲ ਖ਼ੁਦਾ ਦੇ ਅੱਗੇ ਨਹੀਂ ਝੁਕੇ ਹੋਏ। ਉਹ ਸਿਰਫ਼ ਦਿਖਾਵੇ ਲਈ ਖ਼ੁਦਾ ਨੂੰ ਸਜਦਾ ਕਰਦੇ ਹਨ। ਐਸੇ ਲੋਕਾਂ ਬਾਰੇ ਆਖ਼ਿਰਤ ਵਿੱਚ ਇਹ ਦੱਸਿਆ ਗਿਆ ਹੈ ਕਿ ਜਦੋਂ ਉਥੇ ਕਿਹਾ ਜਾਵੇਗਾ ਕਿ ਆਪਣੇ ਰੱਬ ਨੂੰ ਸਜਦਾ ਕਰੋ, ਤਾਂ ਉਹ ਸਜਦਾ ਨਹੀਂ ਕਰ ਸਕਣਗੇ (ਕੁਰਆਨ 68:42)।

ਸਜਦਾ ਸਿਰਫ਼ ਇੱਕ ਆਰਜ਼ੀ ਅਤੇ ਰਸਮੀ ਸਰੀਰਕ ਕਿਰਿਆ ਨਹੀਂ ਹੈ, ਸਗੋਂ ਆਪਣੇ ਆਪ ਨੂੰ ਸਰਵਉੱਚ ਸੱਚ ਦੇ ਅੱਗੇ ਝੁਕਾਉਣਾ ਅਤੇ ਆਪਣੀ ਪੂਰੀ ਜ਼ਿੰਦਗੀ ਨੂੰ ਹੱਕ ਅਤੇ ਸੱਚਾਈ ਦੇ ਅਧੀਨ ਕਰ ਦੇਣਾ ਹੈ। ਇਸ ਪੱਖੋਂ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਸ ਆਇਤ ਵਿੱਚ ਸਿਰਫ਼ "ਸਜਦਾ" ਦਾ ਹੀ ਜ਼ਿਕਰ ਨਹੀਂ, ਬਲਕਿ ਇਹ ਪੂਰੀ ਜ਼ਿੰਦਗੀ ਬਾਰੇ ਇੱਕ ਅਹੰਕਾਰਪੂਰਨ ਹਕੀਕਤ ਦੀ ਵਿਆਖਿਆ ਕਰਦੀ ਹੈ।

ਮੌਜੂਦਾ ਦੁਨੀਆ ਵਿੱਚ ਹਰ ਵਿਅਕਤੀ, ਹਰ ਸਮਾਜ ਅਤੇ ਹਰ ਕੌਮ ਦਾ ਇਹੀ ਹਾਲ ਹੈ ਕਿ ਉਨ੍ਹਾਂ ਦੇ ਦਿਲ ਸੱਚਾਈ ਦੇ ਅੱਗੇ ਨਹੀਂ ਝੁਕੇ ਹੋਏ। ਉਨ੍ਹਾਂ ਨੇ ਆਪਣੇ ਆਪ ਨੂੰ ਸੱਚ ਅਤੇ ਹੱਕ ਦੇ ਅਧੀਨ ਨਹੀਂ ਕੀਤਾ। ਪਰ ਉੱਪਰ-ਉੱਪਰ ਤੋਂ ਹਰ ਕੋਈ ਇਹ ਦਿਖਾਉਂਦਾ ਹੈ ਕਿ ਉਹ ਹੱਕ 'ਤੇ ਕਾਇਮ ਹੈ। ਹਰ ਕੋਈ ਆਪਣੀ ਜ਼ੁਬਾਨ ਨਾਲ ਅਜਿਹੇ ਸ਼ਬਦ ਬੋਲਦਾ ਹੈ ਜਿਵੇਂ ਉਸ ਦਾ ਮਾਮਲਾ ਇਨਸਾਫ਼ ਦਾ ਹੋਵੇ, ਨਾ ਕਿ ਜ਼ੁਲਮ ਅਤੇ ਸ਼ੋਸ਼ਣ ਦਾ।

ਪਰ ਇਸ ਤਰ੍ਹਾਂ ਦੀ ਧੋਖਾਧੜੀ ਸਿਰਫ਼ ਇਸ ਇਮਤਿਹਾਨੀ ਦੁਨੀਆ ਵਿੱਚ ਹੀ ਸੰਭਵ ਹੈ। ਆਖ਼ਿਰਤ ਦੇ ਆਉਂਦੇ ਹੀ ਸਾਰੀ ਸਥਿਤੀ ਪੂਰੀ ਤਰ੍ਹਾਂ ਬਦਲ ਜਾਵੇਗੀ। ਬਾਜ਼ਾਰ ਵਿੱਚ ਖੋਟੇ ਸਿੱਕੇ ਚੱਲ ਸਕਦੇ ਹਨ, ਪਰ ਬੈਂਕ ਵਿੱਚ ਨਹੀਂ। ਇਸੇ ਤਰ੍ਹਾਂ ਆਖ਼ਿਰਤ ਵਿੱਚ ਇਹ ਸੰਭਾਵਨਾ ਖਤਮ ਹੋ ਜਾਵੇਗੀ ਕਿ ਕੋਈ ਝੂਠੀ ਗੱਲ ਨੂੰ ਸੱਚੇ ਸ਼ਬਦਾਂ ਵਿੱਚ ਬਿਆਨ ਕਰੇ ਜਾਂ ਕਿਸੇ ਅਨਿਆਂ ਨੂੰ ਨਿਆਂ ਸਾਬਤ ਕਰੇ।

ਆਖ਼ਿਰਤ ਵਿੱਚ ਸ਼ਬਦ ਝੂਠੇ ਅਰਥਾਂ ਨੂੰ ਮੰਨਣ ਤੋਂ ਇਨਕਾਰ ਕਰ

ਦੇਣਗੇ। ਕਿਸੇ ਲਈ ਇਹ ਸੰਭਵ ਨਹੀਂ ਰਹੇਗਾ ਕਿ ਉਹ ਜ਼ੁਲਮ ਨੂੰ ਇਨਸਾਫ਼ ਦੱਸੇ ਜਾਂ ਅਸੱਤ ਨੂੰ ਸੱਚ ਦੇ ਲਿਬਾਸ ਵਿੱਚ ਪੇਸ਼ ਕਰੇ। ਉਸ ਵੇਲੇ ਪਰੋਖ ਅਤੇ ਅਪਰੋਖ ਦਾ ਫਰਕ ਮੁੱਕ ਜਾਵੇਗਾ। ਇਨਸਾਨ ਦੀ ਜ਼ੁਬਾਨ ਓਹੀ ਬੋਲੇਗੀ ਜੋ ਉਸ ਦੇ ਦਿਲ ਵਿੱਚ ਹੋਵੇਗਾ। ਉਸ ਦਿਨ ਹਰ ਇਨਸਾਨ ਉਸੇ ਰੂਪ ਵਿੱਚ ਨਜ਼ਰ ਆਵੇਗਾ ਜੋ ਅਸਲ ਸੱਚ ਹੈ, ਨਾ ਕਿ ਉਸ ਰੂਪ ਵਿੱਚ ਜੋ ਉਹ ਬਣਾਵਟੀ ਤੌਰ ’ਤੇ ਦੁਨੀਆ ਵਿੱਚ ਦਿਖਾਂਦਾ ਰਿਹਾ।

ਲੋਕ ਇਨਸਾਨਾਂ ਦੇ ਸਾਹਮਣੇ ਆਪਣੇ ਆਪ ਨੂੰ ਹੱਕ-ਬ-ਜਾਨਿਬ ਜਾਂ ਸੱਚ ਦਾ ਪਾਂਧੀ ਦਿਖਾ ਕੇ ਸੰਤੁਸ਼ਟ ਹਨ ਕਿ ਉਹ ਸੱਚੇ ਸਾਬਤ ਹੋ ਗਏ। ਹਾਲਾਂਕਿ ਸੱਚਾ ਅਤੇ ਹੱਕ-ਬ-ਜਾਨਿਬ ਉਹੀ ਹੈ ਜੋ ਖ਼ੁਦਾ ਦੇ ਸਾਹਮਣੇ ਸੱਚਾ ਹੋਵੇ ਅਤੇ ਉਥੇ ਹਾਲ ਇਹ ਹੈ ਕਿ ਉਥੇ ਸਿਰਫ਼ ਹੱਕ ਹੀ ਹੱਕ ਸਾਬਤ ਹੋਵੇਗਾ, ਸੱਚ ਹੀ ਸੱਚ ਸਾਬਤ ਹੋਵੇਗਾ, ਅਤੇ ਜੋ ਅਸੱਤ ਹੈ ਉਹ ਅਸੱਤ ਹੀ ਸਾਬਤ ਹੋਵੇਗਾ। ਕਿਉਂਕਿ ਉਹ ਉਹੋ ਜਿਹਾ ਬੈਂਕ ਹੈ ਜਿੱਥੇ ਖੋਟਾ ਸਿੱਕਾ ਨਹੀਂ ਚੱਲ ਸਕਦਾ।

## ਨਾਜ਼ੁਕ ਸਵਾਲ

ਆਰਥਰ ਕੁਇਸਲਰ ਮੌਤ ਵੱਲ ਕੀਤੀ ਜਾਣ ਵਾਲੀ ਯਾਤਰਾ ਨੂੰ “Last Journey to an Unknown Country” (ਅਣਜਾਣ ਦੇਸ਼ ਵੱਲ ਆਖ਼ਰੀ ਯਾਤਰਾ) ਕਹਿੰਦਾ ਹੈ। ਹਕੀਕਤ ਇਹ ਹੈ ਕਿ ਮੌਤ ਸਾਡੀ ਜ਼ਿੰਦਗੀ ਦੀ ਸਭ ਤੋਂ ਅਜੀਬ ਅਤੇ ਰਹੱਸਮਈ ਘਟਨਾ ਹੈ। ਹਰ ਇਨਸਾਨ ਇਹ ਜਾਣਨ ਲਈ ਉਤਸੁਕ ਰਹਿੰਦਾ ਹੈ ਕਿ ਮਰਨ ਤੋਂ ਬਾਅਦ ਉਹ ਕਿੱਥੇ ਪਹੁੰਚਣ ਵਾਲਾ ਹੈ?

ਅਮਰੀਕਾ ਦੇ ਮਸ਼ਹੂਰ ਡਾਕਟਰ ਬਿਲੀ ਗ੍ਰਾਹਮ ਦੀ ਇੱਕ ਕਿਤਾਬ ਹੈ, ਜਿਸ ਦਾ ਨਾਮ *The Secret of Hapipness* (ਆਨੰਦ ਦਾ ਰਾਜ਼) ਹੈ। ਇਸ ਕਿਤਾਬ ਵਿੱਚ ਬਿਲੀ ਗ੍ਰਾਹਮ ਲਿਖਦਾ ਹੈ ਕਿ ਇੱਕ ਵਾਰ ਉਸ ਨੂੰ ਦੁਨੀਆ ਦੇ ਇੱਕ ਬਹੁਤ ਵੱਡੇ ਨੇਤਾ ਵੱਲੋਂ ਤੁਰੰਤ ਮਿਲਣ ਦਾ ਸੁਨੇਹਾ ਮਿਲਿਆ। ਸੁਨੇਹੇ ਵਿੱਚ ਕਿਹਾ ਗਿਆ ਸੀ ਕਿ ਫੌਰਨ ਆ ਕੇ ਮਿਲੋ।

ਮੈਂ ਚੱਲ ਪਿਆ ਅਤੇ ਉਸ ਪ੍ਰਸਿੱਧ ਨੇਤਾ ਕੋਲ ਪਹੁੰਚਿਆ। ਜਦੋਂ ਮੈਂ ਉਸ

ਦੇ ਦਫ਼ਤਰ ਵਿੱਚ ਜਾ ਕੇ ਮਿਲਿਆ, ਤਾਂ ਉਹ ਮੈਨੂੰ ਤੁਰੰਤ ਇੱਕ ਵੱਖਰੇ ਕਮਰੇ ਵਿੱਚ ਲੈ ਗਿਆ ਅਤੇ ਬਹੁਤ ਪ੍ਰਭਾਵਸ਼ਾਲੀ ਲਹਜੇ ਵਿੱਚ ਕਹਿਣ ਲੱਗਾ:

> "I am an old man, Life has lost all meaning. I am ready to take a fateful leap into the unknown. Young man, can you give me a ray of hope."
>
> (ਮੈਂ ਇੱਕ ਬੁੱਢਾ ਆਦਮੀ ਹਾਂ। ਜ਼ਿੰਦਗੀ ਆਪਣਾ ਸਾਰਾ ਅਰਥ ਗੁਆ ਚੁੱਕੀ ਹੈ। ਮੈਂ ਜਲਦੀ ਹੀ ਅਣਜਾਣ ਦੁਨੀਆ ਵੱਲ ਇੱਕ ਫ਼ੈਸਲਾਕੁਨ ਛਾਲ ਮਾਰਣ ਵਾਲਾ ਹਾਂ। ਐ ਨੌਜਵਾਨ, ਕੀ ਤੂੰ ਮੈਨੂੰ ਉਮੀਦ ਦੀ ਕੋਈ ਕਿਰਣ ਦੇ ਸਕਦਾ ਹੈਂ?)

ਮੌਤ ਹਰ ਇਨਸਾਨ ਦਾ ਪਿੱਛਾ ਕਰ ਰਹੀ ਹੈ। ਬਚਪਨ ਅਤੇ ਜਵਾਨੀ ਵਿੱਚ ਇਨਸਾਨ ਇਸਨੂੰ ਭੁੱਲਿਆ ਰਹਿੰਦਾ ਹੈ, ਪਰ ਆਖ਼ਰਕਾਰ ਕਿਸਮਤ ਦਾ ਫ਼ੈਸਲਾ ਹਾਵੀ ਹੋ ਜਾਂਦਾ ਹੈ। ਬੁੱਢੇਪੇ ਵਿੱਚ, ਜਦੋਂ ਤਾਕਤ ਘੱਟ ਹੋ ਜਾਂਦੀ ਹੈ, ਤਦ ਇਨਸਾਨ ਨੂੰ ਮਹਿਸੂਸ ਹੁੰਦਾ ਹੈ ਕਿ ਹੁਣ ਮੈਂ ਜਲਦੀ ਹੀ ਮਰ ਜਾਣਾ ਹੈ। ਉਸ ਸਮੇਂ ਉਹ ਮਜ਼ਬੂਰ ਹੋ ਕੇ ਸੋਚਦਾ ਹੈ ਕਿ "ਮੌਤ ਤੋਂ ਬਾਅਦ ਕੀ ਹੋਵੇਗਾ?" ਉਹ ਉਮੀਦ ਦੀ ਉਸ ਕਿਰਣ ਦੀ ਤਲਾਸ਼ ਕਰਦਾ ਹੈ ਜੋ ਮੌਤ ਤੋਂ ਬਾਅਦ ਆਉਣ ਵਾਲੇ ਹਾਲਾਤਾਂ ਵਿੱਚ ਉਸ ਦੀ ਜ਼ਿੰਦਗੀ ਨੂੰ ਰੌਸ਼ਨ ਕਰ ਸਕੇ।

ਹਕੀਕਤ ਇਹ ਹੈ ਕਿ ਖ਼ੁਦਾ ਦੇ ਪੈਗੰਬਰ ਉਸੇ ਉਮੀਦ ਦੀ ਰੌਸ਼ਨੀ ਵੰਡਣ ਲਈ ਆਏ। ਪੈਗੰਬਰਾਂ ਨੇ ਇਨਸਾਨ ਨੂੰ ਦੱਸਿਆ ਕਿ ਮੌਤ ਤੋਂ ਬਾਅਦ ਇੱਕ ਹੋਰ ਦੁਨੀਆ ਹੈ, ਜੋ ਉੱਚੀ ਵੀ ਹੈ ਅਤੇ ਸਦੀਵੀ ਵੀ। ਮੌਤ ਤੋਂ ਬਾਅਦ ਦੀ ਉਸ ਸੰਪੂਰਣ ਦੁਨੀਆ ਵਿੱਚ ਦਾਖ਼ਲਾ ਉਸੇ ਨੂੰ ਮਿਲੇਗਾ ਜੋ ਮੌਤ ਤੋਂ ਪਹਿਲਾਂ ਦੀ ਦੁਨੀਆ ਵਿੱਚ ਆਪਣੇ ਨੇਕ ਅਤੇ ਪਵਿੱਤਰ ਕਰਮਾਂ ਨਾਲ ਆਪਣੀ ਯੋਗਤਾ ਸਾਬਤ ਕਰੇ। ਇਹੀ ਉਹ ਹਕੀਕਤ ਹੈ ਜਿਸ ਵੱਲ ਕੁਰਆਨ ਵਿੱਚ ਇਨ੍ਹਾਂ ਸ਼ਬਦਾਂ ਨਾਲ ਇਸ਼ਾਰਾ ਕੀਤਾ ਗਿਆ ਹੈ:

> …and God calls to the home of Peace.
>
> (…ਅਤੇ ਅੱਲਾਹ ਅਮਨ ਦੇ ਘਰ ਵੱਲ ਬੁਲਾਂਦਾ ਹੈ।)
>
> – ਸੂਰਹ ਯੂਨੁਸ: 25

# ਅੱਜ ਬੀਜੋ, ਕੱਲ੍ਹ ਕੱਟੋ

ਘਨਸ਼ਾਮ ਦਾਸ ਬਿੜਲਾ (1894-1983) ਰਾਜਸਥਾਨ ਦੇ ਪਿੰਡ ਪਿਲਾਨੀ ਵਿੱਚ ਜਨਮੇ। ਉਨ੍ਹਾਂ ਦੇ ਪਿਤਾ ਇੱਕ ਸਧਾਰਣ ਵਿਅਕਤੀ ਸਨ ਅਤੇ ਕਲਕੱਤਾ ਵਿੱਚ ਜੂਟ ਦੇ ਦਲਾਲ ਵਜੋਂ ਕੰਮ ਕਰਦੇ ਸਨ। 14 ਸਾਲ ਦੀ ਉਮਰ ਵਿੱਚ ਮਿਸਟਰ ਬਿੜਲਾ ਵੀ ਕਲਕੱਤਾ ਚਲੇ ਗਏ ਅਤੇ ਉੱਥੇ ਆਪਣੇ ਪਿਤਾ ਦੇ ਕੰਮ ਵਿੱਚ ਮਦਦ ਕਰਨ ਲੱਗ ਪਏ।

ਇੱਕ ਦਿਨ ਮਿਸਟਰ ਬਿੜਲਾ ਨੂੰ ਕਲਕੱਤਾ ਦੇ ਇੱਕ ਵਪਾਰਕ ਦਫ਼ਤਰ ਦੀ ਇਮਾਰਤ ਵਿੱਚ ਉੱਪਰਲੀ ਮੰਜ਼ਿਲ ’ਤੇ ਜਾਣਾ ਸੀ। ਜਦੋਂ ਉਹ ਲਿਫ਼ਟ ਵਿੱਚ ਚੜ੍ਹਨ ਲੱਗੇ ਤਾਂ ਉਨ੍ਹਾਂ ਨੂੰ ਰੋਕ ਦਿੱਤਾ ਗਿਆ, ਕਿਉਂਕਿ ਉਹ ਲਿਫ਼ਟ ਅੰਗਰੇਜ਼ ਅਫ਼ਸਰਾਂ ਲਈ ਸੀ। ਜਦੋਂ ਉਹ ਪੌੜੀਆਂ ਚੜ੍ਹ ਕੇ ਉੱਪਰ ਪਹੁੰਚੇ ਤਾਂ ਉੱਥੇ ਵੀ ਉਨ੍ਹਾਂ ਨੂੰ ਕੁਰਸੀ ’ਤੇ ਬੈਠਣ ਦੀ ਇਜਾਜ਼ਤ ਨਾ ਮਿਲੀ। ਉਨ੍ਹਾਂ ਨੂੰ ਇੱਕ ਬੈਂਚ ’ਤੇ ਬੈਠਣ ਦਾ ਇਸ਼ਾਰਾ ਕੀਤਾ ਗਿਆ ਜੋ ਚਪੜਾਸੀਆਂ ਲਈ ਰੱਖਿਆ ਸੀ। ਪਰ ਨੌਜਵਾਨ ਬਿੜਲਾ ਉਸ ਬੈਂਚ ’ਤੇ ਨਹੀਂ ਬੈਠੇ ਅਤੇ ਕੰਮ ਮੁਕੰਮਲ ਹੋਣ ਤੱਕ ਖੜ੍ਹੇ ਹੀ ਰਹੇ।

ਅੰਗਰੇਜ਼ੀ ਹਕੂਮਤ ਦੇ ਸਮੇਂ ਦੇ ਇਨ੍ਹਾਂ ਤਜ਼ਰਬਿਆਂ ਨੇ ਮਿਸਟਰ ਬਿੜਲਾ ਦੇ ਅੰਦਰ ਰਾਸ਼ਟਰੀ ਆਜ਼ਾਦੀ ਦੀ ਚੇਤਨਾ ਪੈਦਾ ਕੀਤੀ। ਉਹ ਆਜ਼ਾਦੀ ਦੀ ਲਹਿਰ ਵਿੱਚ ਮਹਾਤਮਾ ਗਾਂਧੀ ਦੇ ਸਾਥੀ ਬਣ ਗਏ। ਉਹ ਸਮਾਂ ਸੀ ਜਦੋਂ ਪੂੰਜੀਪਤੀ ਵਰਗ ਕਾਂਗਰਸ ਦੇ ਨੇੜੇ ਜਾਣ ਤੋਂ ਡਰਦਾ ਸੀ, ਪਰ ਮਿਸਟਰ ਬਿੜਲਾ ਦੂਰਦਰਸ਼ੀ ਅਤੇ ਹੌਸਲੇ ਵਾਲੇ ਇਨਸਾਨ ਸਨ। ਉਨ੍ਹਾਂ ਨੇ 1947 ਤੋਂ ਪਹਿਲਾਂ ਦੀ ਕਾਂਗਰਸ ਵਿੱਚ 1947 ਤੋਂ ਬਾਅਦ ਵਾਲੀ ਕਾਂਗਰਸ ਦੀ ਝਲਕ ਵੇਖ ਲਈ। ਉਨ੍ਹਾਂ ਨੇ ਆਜ਼ਾਦੀ ਦੇ ਅੰਦੋਲਨ ਵਾਲੇ ਹਿੰਦੁਸਤਾਨ ਵਿੱਚ ਆਜ਼ਾਦ ਹਿੰਦੁਸਤਾਨ ਦੀ ਪਹਿਚਾਣ ਕਰ ਲਈ। ਉਨ੍ਹਾਂ ਇਹ ਰਾਜ਼ ਸਮਝ ਲਿਆ ਕਿ ਅੱਜ ਦੇ “ਲੀਡਰ” ਕੱਲ੍ਹ ਦੇ “ਮੰਤਰੀ” ਹੋਣਗੇ। ਜੇ ਅੱਜ ਉਹ ਉਨ੍ਹਾਂ ਦੀ ਮਦਦ ਕਰਦੇ ਹਨ ਤਾਂ ਕੱਲ੍ਹ ਉਹਨਾਂ ਤੋਂ ਵੱਡਾ ਲਾਭ ਹਾਸਲ ਕਰ ਸਕਣਗੇ। ਇਸ ਲਈ ਉਨ੍ਹਾਂ ਨੇ ਆਜ਼ਾਦੀ ਦੇ ਅੰਦੋਲਨ ਦੀ ਲਗਾਤਾਰ ਵਿੱਤੀ ਮਦਦ ਕਰਨੀ ਸ਼ੁਰੂ ਕਰ

ਦਿੱਤੀ। ਕਿਹਾ ਜਾਂਦਾ ਹੈ ਕਿ 1947 ਤੱਕ ਉਹ ਇਸ ਸਿਲਸਿਲੇ ਵਿੱਚ ਗਾਂਧੀ ਜੀ ਅਤੇ ਕਾਂਗਰਸ ਪਾਰਟੀ ਨੂੰ ਲਗਭਗ 20 ਕਰੋੜ ਰੁਪਏ ਦੇ ਚੁੱਕੇ ਸਨ।

ਆਜ਼ਾਦੀ ਤੋਂ ਬਾਅਦ ਮਿਸਟਰ ਬਿੜਲਾ ਨੂੰ ਇਸ ਦਾ ਬੇਹੱਦ ਲਾਭ ਮਿਲਿਆ। ਨਵੀਂ ਸਰਕਾਰ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਵਿਸ਼ੇਸ਼ ਸੁਵਿਧਾਵਾਂ ਮਿਲਣ ਲੱਗ ਪਈਆਂ। ਉਨ੍ਹਾਂ ਨੇ ਇੰਨੀ ਤੇਜ਼ੀ ਨਾਲ ਤਰੱਕੀ ਕੀਤੀ ਕਿ ਆਜ਼ਾਦ ਹਿੰਦੁਸਤਾਨ ਦੇ ਸਭ ਤੋਂ ਵੱਡੇ ਉਦਯੋਗਪਤੀ ਬਣ ਗਏ। ਅੱਜ ਬਿੜਲਾ ਪਰਿਵਾਰ ਨੂੰ ਹਿੰਦੁਸਤਾਨ ਦਾ ਸਭ ਤੋਂ ਧਨਵਾਨ ਖ਼ਾਨਦਾਨ ਮੰਨਿਆ ਜਾਂਦਾ ਹੈ।

ਇਨਸਾਨ ਜੋ ਅੱਜ ਬੀਜਦਾ ਹੈ, ਉਹੀ ਕੱਲ੍ਹ ਨੂੰ ਕੱਟਦਾ ਹੈ। ਇਹ ਗੱਲ ਅੱਜ ਦੀ ਦੁਨੀਆ ਲਈ ਵੀ ਸਹੀ ਹੈ ਅਤੇ ਕੱਲ੍ਹ ਦੀ ਦੁਨੀਆ ਲਈ ਵੀ।

# ਮੌਤ ਦੇ ਕੰਢੇ

ਅੱਜ ਉਹ ਬਿਨਾਂ ਦੱਸੇ ਮੈਨੂੰ ਮਿਲਣ ਆ ਗਿਆ। ਬਹੁਤ ਥੋੜ੍ਹੀ ਦੇਰ ਮੇਰੇ ਕੋਲ ਰੁਕਿਆ। ਆਮ ਤੌਰ ’ਤੇ ਉਹ ਚਾਹ ਪੀਏ ਬਿਨਾਂ ਨਹੀਂ ਜਾਂਦਾ ਸੀ, ਪਰ ਅੱਜ ਉਸ ਨੇ ਚਾਹ ਵੀ ਨਹੀਂ ਪੀਤੀ। ਉਸ ਨੇ ਕਿਹਾ, “ਮੈਨੂੰ ਬਹੁਤ ਜਲਦੀ ਘਰ ਪਹੁੰਚਣਾ ਹੈ। ਉੱਥੇ ਮੇਰੀ ਪਤਨੀ ਮੇਰੀ ਉਡੀਕ ਕਰ ਰਹੀ ਹੋਵੇਗੀ।” ਇਹ ਕਹਿ ਕੇ ਉਸ ਨੇ ਆਪਣਾ ਸਕੂਟਰ ਸਟਾਰਟ ਕੀਤਾ ਅਤੇ ਤੇਜ਼ੀ ਨਾਲ ਰਵਾਨਾ ਹੋ ਗਿਆ। ਉਸ ਨੂੰ ਗਏ ਨੂੰ ਅਜੇ ਮੁਸ਼ਕਿਲ ਨਾਲ ਅੱਧਾ ਘੰਟਾ ਹੋਇਆ ਸੀ ਕਿ ਫ਼ੋਨ ਦੀ ਘੰਟੀ ਵੱਜੀ। ਉਸ ਦੀ ਪਤਨੀ ਘਬਰਾਈ ਹੋਈ ਆਵਾਜ਼ ਵਿੱਚ ਬੋਲ ਰਹੀ ਸੀ— “ਤੁਹਾਡੇ ਦੋਸਤ ਦਾ...” ਵਾਕ ਅਧੂਰਾ ਸੀ, ਪਰ ਉਸ ਦੀ ਰੋਣ ਦੀ ਆਵਾਜ਼ ਨੇ ਉਸਨੂੰ ਪੂਰਾ ਕਰ ਦਿੱਤਾ। ਮੈਂ ਤੁਰੰਤ ਫ਼ੋਨ ਰੱਖਿਆ ਅਤੇ ਉਸ ਦੇ ਘਰ ਵੱਲ ਦੌੜ ਪਿਆ। ਪਤਾ ਲੱਗਾ ਕਿ ਉਸਦਾ ਦਿਹਾਂਤ ਹੋ ਚੁੱਕਾ ਸੀ। ਮੈਨੂੰ ਅਲਵਿਦਾ ਕਹਿ ਕੇ ਉਹ ਘਰ ਪਹੁੰਚਿਆ ਹੀ ਸੀ ਕਿ ਪੌੜੀਆਂ ਉੱਤੇ ਚੜ੍ਹਦਿਆਂ ਤਿਲਕ ਕੇ ਡਿੱਗ ਪਿਆ। ਲੋਕ ਚੁੱਕ ਕੇ ਅੰਦਰ ਲੈ ਗਏ। ਡਾਕਟਰ ਤੁਰੰਤ ਆਇਆ ਅਤੇ ਆਉਂਦੇ ਹੀ ਖਬਰ ਦਿੱਤੀ ਕਿ ਉਹ ਇਸ ਦੁਨੀਆ ਤੋਂ ਰੁਖਸਤ ਹੋ ਚੁੱਕਾ ਹੈ।

ਜਦੋਂ ਉਹ ਸਕੂਟਰ ’ਤੇ ਸਵਾਰ ਹੋ ਕੇ ਮੇਰੇ ਘਰੋਂ ਨਿਕਲਿਆ ਸੀ ਤਾਂ ਬਾਹਰੋਂ ਲੱਗਦਾ ਸੀ ਕਿ ਉਹ ਘਰ ਵੱਲ ਜਾ ਰਿਹਾ ਹੈ, ਪਰ ਅਸਲ ਵਿੱਚ ਉਹ ਮੌਤ ਵੱਲ ਜਾ ਰਿਹਾ ਸੀ। ਇਹ ਕੋਈ ਇਤਫ਼ਾਕੀ ਘਟਨਾ ਨਹੀਂ। ਅਜਿਹੀਆਂ ਘਟਨਾਵਾਂ ਹਰ ਰੋਜ਼, ਹਰ ਥਾਂ ਵਾਪਰ ਰਹੀਆਂ ਹਨ। 26 ਮਈ 1979 ਨੂੰ ਅਮਰੀਕਾ ਵਿੱਚ 271 ਯਾਤਰੀਆਂ ਨਾਲ ਭਰਿਆ ਇੱਕ ਵੱਡਾ ਜੈੱਟ ਜਹਾਜ਼ ਓਹੇਅਰ (ੌ’ੁਉਰਏ) ਹਵਾਈ ਅੱਡੇ ਤੋਂ ਉਡਿਆ ਅਤੇ ਥੋੜ੍ਹੀ ਹੀ ਦੇਰ ਬਾਅਦ ਧਰਤੀ ’ਤੇ ਆ ਡਿੱਗਿਆ। ਜਹਾਜ਼ ਸਮੇਤ ਸਾਰੇ ਯਾਤਰੀ ਸੜ ਕੇ ਰਾਖ ਹੋ ਗਏ। ਇਹ ਮਾਮਲਾ ਕੁਝ ਇਨਸਾਨਾਂ ਦਾ ਨਹੀਂ, ਸਗੋਂ ਸਾਰੀ ਇਨਸਾਨੀਅਤ ਦਾ ਹੈ। ਧਰਤੀ ’ਤੇ ਜੋ ਵੀ ਇਨਸਾਨ ਤੁਰਦੇ ਤੇ ਦੌੜਦੇ ਨਜ਼ਰ ਆਉਂਦੇ ਹਨ, ਉਹ ਸਭ ਮੌਤ ਦੀ ਮੰਜ਼ਿਲ ਵੱਲ ਵੱਧ ਰਹੇ ਹਨ। ਹਰ ਇਨਸਾਨ ਜਿਸ ਚੀਜ਼ ਦੇ ਸਭ ਤੋਂ ਨਜ਼ਦੀਕ ਹੈ, ਉਹ ਮੌਤ ਹੈ। ਹਰ ਆਦਮੀ ਮੌਤ ਦੇ ਕੰਢੇ ਖੜ੍ਹਾ ਹੈ। ਹਰ ਪਲ ਉਹ ਇਸ ਖ਼ਤਰੇ ਦੇ ਕਿਨਾਰੇ ਹੈ ਕਿ ਉਸ ਦੀ ਆਖ਼ਰੀ ਘੜੀ ਆ ਜਾਵੇ ਅਤੇ ਅਚਾਨਕ ਉਹ ਇਸ ਦੁਨੀਆ ਤੋਂ ਚੁੱਕ ਕੇ ਅਗਲੀ ਦੁਨੀਆ ਵਿੱਚ ਪਹੁੰਚਾ ਦਿੱਤਾ ਜਾਵੇ। ਉਹ ਦੁਨੀਆ ਜਿੱਥੋਂ ਕੋਈ ਵਾਪਸ ਨਹੀਂ ਆਉਂਦਾ, ਜਿੱਥੇ ਇਨਸਾਨ ਲਈ ਜਾਂ ਤਾਂ ਜੰਨਤ ਹੈ ਜਾਂ ਦੋਜ਼ਖ਼।

ਜੇ ਕੋਈ ਅੰਨਾ ਆਦਮੀ ਤੁਰਦਾ-ਤੁਰਦਾ ਖੂਹ ਦੇ ਕੰਢੇ ਪਹੁੰਚ ਜਾਵੇ ਤਾਂ ਹਰ ਕੋਈ ਜਾਣਦਾ ਹੈ ਕਿ ਉਸ ਵੇਲੇ ਸਭ ਤੋਂ ਜ਼ਰੂਰੀ ਕੰਮ ਇਹ ਹੈ ਕਿ ਉਸ ਨੂੰ ਖੂਹ ਦੇ ਖ਼ਤਰੇ ਤੋਂ ਆਗਾਹ ਕੀਤਾ ਜਾਵੇ। ਅਜਿਹੇ ਨਾਜ਼ੁਕ ਪਲ ਵਿਚ ਇਨਸਾਨ ਕਿਬਲਾ ਜਾਂ ਕਾਬਾ ਦੀ ਭਾਸ਼ਾ ਦੇ ਨਿਯਮ ਵੀ ਭੁੱਲ ਜਾਂਦਾ ਹੈ ਅਤੇ ਬੇਇਖ਼ਤਿਆਰ ਚੀਕ ਪੈਂਦਾ ਹੈ— “ਖੂਹ, ਖੂਹ!” ਪਰ ਕਿੰਨੀ ਅਜੀਬ ਗੱਲ ਹੈ ਕਿ ਪੂਰੀ ਇਨਸਾਨੀਅਤ ਇਸ ਤੋਂ ਵੀ ਵਧੇਰੇ ਖ਼ਤਰਨਾਕ “ਖੂਹ” ਦੇ ਕੰਢੇ ਖੜ੍ਹੀ ਹੈ, ਪਰ ਹਰ ਕੋਈ ਆਪਣੇ-ਆਪਣੇ ਕੰਮਾਂ ਵਿੱਚ ਲੱਗਾ ਹੋਇਆ ਹੈ। ਕੋਈ ਵੀ “ਖੂਹ, ਖੂਹ” ਬੋਲਣ ਦੀ ਲੋੜ ਮਹਿਸੂਸ ਨਹੀਂ ਕਰਦਾ। ਇੱਥੋਂ ਤੱਕ ਕਿ ਜੇ ਕੋਈ ਦਿਵਾਨਾ ਅਜਿਹੀ ਆਵਾਜ਼ ਉਠਾਏ, ਤਾਂ ਲੋਕ ਕਹਿੰਦੇ ਹਨ “ਇਹ ਵਿਅਕਤੀ ਕੌਮ ਨੂੰ ਕਾਇਰਤਾ ਦੀ ਨੀਂਦ ਸੁਲਾਉਣਾ ਚਾਹੁੰਦਾ ਹੈ। ਇਹ ਜਿਹਾਦ ਦੇ ਜਜ਼ਬੇ ਨੂੰ ਖ਼ਤਮ ਕਰ ਰਿਹਾ ਹੈ। ਇਹ ਲੋਕਾਂ ਨੂੰ ਅਸਲ ਮਸਲਿਆਂ ਤੋਂ ਭਟਕਾ ਰਿਹਾ ਹੈ। ਇਹ ਜ਼ਿੰਦਗੀ ਦਾ ਨਹੀਂ, ਮੌਤ ਦਾ ਪੈਗੰਬਰ ਹੈ। ਇਹ ਨਿਰਾਸ਼ਾ ਅਤੇ ਟੁੱਟ-ਭੱਜ ਦਾ ਸਬਕ ਦੇ ਰਿਹਾ ਹੈ।”

ਲੋਕ ਖੂਹ ਦੇ ਕੰਢੇ ਖੜ੍ਹੇ ਹਨ ਅਤੇ ਸਮਝਦੇ ਹਨ ਕਿ ਉਹ ਸੁਰੱਖਿਅਤ

ਮਕਾਨ ਵਿੱਚ ਹਨ। ਲੋਕ ਮੌਤ ਵੱਲ ਵਧ ਰਹੇ ਹਨ, ਪਰ ਖੁਸ਼ ਹਨ ਕਿ ਉਹ ਜ਼ਿੰਦਗੀ ਦਾ ਸਫ਼ਰ ਤੈਅ ਕਰ ਰਹੇ ਹਨ।

# ਆਉਣ ਵਾਲਾ ਦਿਨ

ਮੌਜੂਦਾ ਦੁਨੀਆ ਵਿੱਚ ਜਦੋਂ ਕੋਈ ਆਦਮੀ ਖ਼ੁਦਾ ਨੂੰ ਮੰਨਦਾ ਹੈ ਤਾਂ ਉਹ ਦਲੀਲ ਦੇ ਆਧਾਰ ’ਤੇ ਮੰਨਦਾ ਹੈ। ਆਖ਼ਿਰਤ ਵਿੱਚ ਜੋ ਲੋਕ ਖ਼ੁਦਾ ਨੂੰ ਮੰਨਣਗੇ, ਉਹ ਖ਼ੁਦਾ ਦੀ ਤਾਕਤ ਅਤੇ ਉਸ ਦੇ ਅਧਿਕਾਰਾਂ ਦੇ ਆਧਾਰ ’ਤੇ ਮੰਨਣਗੇ। ਅਰਥਾਤ, ਇਸ ਦੁਨੀਆ ਵਿੱਚ ਦਲੀਲ ਖ਼ੁਦਾ ਦੀ ਨੁਮਾਇੰਦਗੀ ਕਰਦੀ ਹੈ, ਪਰ ਆਖ਼ਿਰਤ ਵਿੱਚ ਖ਼ੁਦਾ ਖ਼ੁਦ ਆਪਣੀ ਪੂਰੀ ਸ਼ਾਨ ਨਾਲ ਇਨਸਾਨ ਦੇ ਸਾਹਮਣੇ ਜਾਹਿਰ ਹੋ ਜਾਵੇਗਾ।

ਇਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਸਲ ਵਿੱਚ ਖ਼ੁਦਾ ਨੂੰ ਮੰਨਣ ਵਾਲਾ ਕੌਣ ਹੈ ਅਤੇ ਨਾ ਮੰਨਣ ਵਾਲਾ ਕੌਣ। ਖ਼ੁਦਾ ਨੂੰ ਮੰਨਣ ਵਾਲਾ ਉਹ ਹੈ ਜੋ ਨਿਆਂ ਦੇ ਸੰਤੁਲਨ ਨੂੰ ਸਵੀਕਾਰ ਕਰੇ, ਜੋ ਹੱਕ ਦੇ ਸਾਹਮਣੇ ਉਸ ਵੇਲੇ ਝੁਕ ਜਾਵੇ ਜਦੋਂ ਉਸ ਨਾਲ ਸ਼ਾਬਦਿਕ ਦਲੀਲਾਂ ਤੋਂ ਇਲਾਵਾ ਹੋਰ ਕੋਈ ਜ਼ਬਰਦਸਤੀ ਨਾ ਸ਼ਾਮਲ ਹੋਵੇ। ਇਸ ਦੇ ਉਲਟ, ਜਿਸ ਵਿਅਕਤੀ ਨੂੰ ਕੋਈ ਗੱਲ ਸਿਰਫ਼ ਸੱਚਾਈ ਦੇ ਆਧਾਰ ’ਤੇ ਪ੍ਰਭਾਵਿਤ ਨਾ ਕਰ ਸਕੇ ਅਤੇ ਜੋ ਸੱਚ ਨੂੰ ਸਿਰਫ਼ ਉਸ ਵੇਲੇ ਮੰਨੇ ਜਦੋਂ ਕਿਸੇ ਦਬਾਅ ਹੇਠ ਮਜਬੂਰ ਹੋ ਜਾਵੇ—ਉਹ ਖ਼ੁਦਾ ਨੂੰ ਮੰਨਣ ਵਾਲਾ ਨਹੀਂ। ਉਸ ਦਾ ਮਾਬੂਦ ਕੋਈ ਦਿੱਖਦੀ ਤਾਕਤ ਹੁੰਦੀ ਹੈ, ਨਾ ਕਿ ਪਰਦੇ ਵਿੱਚ ਵੱਸਣ ਵਾਲਾ ਖ਼ੁਦਾ।

ਖ਼ੁਦਾ ਆਪਣੇ ਮੰਨਣ ਦਾ ਸਬੂਤ ਗੈਬ (ਅਸਮਾਨ ਦੇ ਦੂਜੇ ਪਾਰ ਜੋ ਦਿਖਾਈ ਨਹੀਂ ਦਿੰਦਾ) ਦੇ ਧਰਾਤਲ ’ਤੇ ਲੈ ਰਿਹਾ ਹੈ ਅਤੇ ਲੋਕ ਉਸਨੂੰ ਮੰਨਣ ਦਾ ਸਬੂਤ ਗਵਾਹਾਂ ਦੇ ਧਰਾਤਲ ’ਤੇ ਦੇਣਾ ਚਾਹੁੰਦੇ ਹਨ। ਖ਼ੁਦਾ ਚਾਹੁੰਦਾ ਹੈ ਕਿ ਇਨਸਾਨ ਸੱਚਾਈ ਦੇ ਸਾਹਮਣੇ ਝੁਕ ਜਾਵੇ, ਪਰ ਇਨਸਾਨ ਸਿਰਫ਼ ਤਾਕਤ ਦੇ ਸਾਹਮਣੇ ਝੁਕਣ ਲਈ ਤਿਆਰ ਹੁੰਦਾ ਹੈ। ਖ਼ੁਦਾ ਚਾਹੁੰਦਾ ਹੈ ਕਿ ਇਨਸਾਨ ਕੇਵਲ ਉਸ ਦੇ ਡਰ ਦੇ ਆਧਾਰ ’ਤੇ ਇਨਸਾਫ਼ ਦਾ ਰਾਹ ਅਪਣਾਏ, ਪਰ ਇਨਸਾਨ ਉਸ ਵੇਲੇ ਹੀ ਇਨਸਾਫ਼ ਕਰਦਾ ਹੈ ਜਦੋਂ ਉਹ ਮਜਬੂਰ ਹੋ ਜਾਵੇ।

ਜਿੱਥੇ ਮਜਬੂਰੀ ਨਾ ਹੋਵੇ, ਉੱਥੇ ਉਹ ਤੁਰੰਤ ਸਰਕਸ਼ੀ (ਅਨਿਆਂ-ਵਿਰੋਧ) ਕਰਨ ਲੱਗ ਪੈਂਦਾ ਹੈ।

ਮੌਜੂਦਾ ਦੁਨੀਆ ਇਮਤਿਹਾਨ ਦੀ ਦੁਨੀਆ ਹੈ। ਇੱਥੇ ਇਨਸਾਨ ਨੂੰ ਆਪਣੀ ਅਸਲੀਅਤ ਲੁਕਾਉਣ ਦਾ ਮੌਕਾ ਮਿਲਿਆ ਹੋਇਆ ਹੈ। ਪਰ ਕਿਆਮਤ ਹਰ ਇੱਕ ਨੂੰ ਬੇਨਕਾਬ ਕਰ ਦੇਵੇਗੀ। ਉਸ ਦਿਨ ਬਹੁਤ ਸਾਰੇ ਖ਼ੁਦਾ-ਪ੍ਰਸਤ, ਗ਼ੈਰ-ਖ਼ੁਦਾ-ਪ੍ਰਸਤਾਂ ਦੀ ਕਤਾਰ ਵਿੱਚ ਨਜ਼ਰ ਆਉਣਗੇ। ਬਹੁਤ ਸਾਰੇ ਹੱਕ ਨੂੰ ਮੰਨਣ ਵਾਲੇ, ਹੱਕ ਨਾ ਮੰਨਣ ਦੇ ਦੋਸ਼ੀ ਠਹਿਰਾਏ ਜਾਣਗੇ। ਕਈ ਉਹ ਲੋਕ, ਜੋ ਆਪਣੇ ਆਪ ਨੂੰ ਜੰਨਤ ਦਾ ਹੱਕਦਾਰ ਸਮਝ ਰਹੇ ਹਨ, ਆਪਣੇ ਆਪ ਨੂੰ ਦੋਜ਼ਖ਼ ਦੇ ਦਰਵਾਜ਼ੇ 'ਤੇ ਖੜਾ ਪਾਉਣਗੇ।

ਇਨਸਾਨ ਕਿੰਨਾ ਨਿਡਰ ਬਣਿਆ ਹੋਇਆ ਹੈ, ਜਦਕਿ ਕਿੰਨਾ ਜ਼ਿਆਦਾ ਡਰਾਉਣਾ ਪਲ ਉਸ ਦੇ ਸਾਹਮਣੇ ਆਉਣ ਵਾਲਾ ਹੈ।

## ਸਭ ਤੋਂ ਵੱਡੀ ਖ਼ਬਰ

ਇੱਕ ਐਮ.ਐੱਸ.ਸੀ. ਨੌਜਵਾਨ ਦਿੱਲੀ ਵਿੱਚ ਸਰਕਾਰੀ ਨੌਕਰੀ ਕਰਦਾ ਹੈ। ਉਸ ਨਾਲ ਮੇਰੀ ਪੁਰਾਣੀ ਜਾਣ-ਪਛਾਣ ਹੈ। ਇੱਕ ਦਿਨ ਮੈਂ ਕਿਸੇ ਕੰਮ ਕਰਕੇ ਘਰ ਤੋਂ ਬਾਹਰ ਗਿਆ ਹੋਇਆ ਸੀ। ਰਾਤ ਨੂੰ ਵਾਪਸ ਆਇਆ ਤਾਂ ਘਰ ਵਾਲਿਆਂ ਨੇ ਦੱਸਿਆ ਕਿ ਅੱਜ ਫਲਾਂ (ਚਰਚਿਤ) ਨੌਜਵਾਨ ਤੁਹਾਨੂੰ ਮਿਲਣ ਲਈ ਕਈ ਵਾਰ ਆ ਚੁੱਕਾ ਹੈ। ਅਸੀਂ ਹਾਲੇ ਗੱਲਾਂ ਕਰ ਹੀ ਰਹੇ ਸੀ ਕਿ ਘੰਟੀ ਵੱਜੀ। ਦਰਵਾਜ਼ਾ ਖੋਲ੍ਹਿਆ ਤਾਂ ਉਹੀ ਨੌਜਵਾਨ ਤੀਜੀ ਵਾਰ ਮੈਨੂੰ ਮਿਲਣ ਲਈ ਦਰਵਾਜ਼ੇ 'ਤੇ ਖੜ੍ਹਾ ਸੀ। ਮੈਨੂੰ ਵੇਖਦੇ ਹੀ ਮੁਸਕਰਾ ਕੇ ਕਹਿਣ ਲੱਗਾ— "ਅੱਜ ਮੈਂ ਤੁਹਾਨੂੰ ਇੱਕ ਖੁਸ਼ਖ਼ਬਰੀ ਦੇਣ ਆਇਆ ਹਾਂ।" ਫਿਰ ਉਸ ਨੇ ਦੱਸਿਆ ਕਿ ਮੇਰਾ ਪ੍ਰਮੋਸ਼ਨ ਹੋ ਗਿਆ ਹੈ ਅਤੇ ਹੁਣ ਮੇਰੀ ਤਨਖਾਹ ਵਿੱਚ 100 ਰੁਪਏ ਮਹੀਨਾ ਵਾਧਾ ਹੋ ਜਾਵੇਗਾ।

ਮੈਂ ਸੋਚਿਆ ਕਿ ਜੇ ਕਿਸੇ ਇਨਸਾਨ ਕੋਲ ਕੋਈ ਮਹੱਤਵਪੂਰਨ ਖ਼ਬਰ ਹੋਵੇ ਤਾਂ ਉਹ ਉਸਨੂੰ ਲੁਕਾ ਕੇ ਨਹੀਂ ਰੱਖ ਸਕਦਾ। ਮਹੱਤਵਪੂਰਨ ਖ਼ਬਰ ਉਹ


ਦੱਸ ਕੇ ਹੀ ਰਹਿੰਦਾ ਹੈ, ਸਗੋਂ ਉਹ ਤਾਂ ਇਹ ਵੀ ਲੱਭਦਾ ਹੈ ਕਿ ਕੋਈ ਮਿਲ ਜਾਵੇ ਤਾਂ ਉਸਨੂੰ ਦੱਸ ਸਕੇ। ਕਿਸੇ ਨੇ ਨਵੀਂ ਕਾਰ ਖਰੀਦੀ ਹੋਵੇ ਜਾਂ ਨਵਾਂ ਘਰ ਬਣਾਇਆ ਹੋਵੇ, ਤਾਂ ਉਹ ਉਸ ਦੀ ਚਰਚਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਜੇ ਕਿਸੇ ਮਹਿਫ਼ਿਲ ਵਿੱਚ ਉਸ ਦੀ ਕਾਰ ਜਾਂ ਉਸ ਦਾ ਘਰ ਗੱਲਬਾਤ ਦਾ ਵਿਸ਼ਾ ਨਾ ਬਣੇ, ਤਾਂ ਉਹ ਕਿਸੇ ਨਾਂ ਕਿਸੇ ਤਰੀਕੇ ਨਾਲ ਗੱਲ ਦਾ ਰੁਖ਼ ਬਦਲ ਕੇ ਉਥੇ ਲੈ ਆਉਂਦਾ ਹੈ ਜਿੱਥੇ ਉਹ ਆਪਣੀ ਨਵੀਂ ਕਾਰ ਜਾਂ ਨਵੇਂ ਘਰ ਦੀ ਖ਼ਬਰ ਲੋਕਾਂ ਨੂੰ ਦੇ ਸਕੇ। ਇਹ ਮਨੁੱਖੀ ਸੁਭਾਅ ਹੈ। ਕੋਈ ਵੀ ਇਨਸਾਨ ਅਜਿਹਾ ਨਹੀਂ ਹੋ ਸਕਦਾ ਜੋ ਆਪਣੀ ਅਹਿਮ ਖ਼ਬਰ ਦੂਜਿਆਂ ਨੂੰ ਸੁਣਾਉਣ ਲਈ ਬੇਚੈਨ ਨਾ ਹੋਵੇ।

ਅੱਜ ਬੇਸ਼ੁਮਾਰ ਆਵਾਜ਼ਾਂ ਫ਼ਿਜ਼ਾ ਵਿੱਚ ਗੂੰਜ ਰਹੀਆਂ ਹਨ। ਹਰ ਇੱਕ ਕੋਲ ਕੋਈ ਨਾਂ ਕੋਈ ਪੈਗ਼ਾਮ ਹੈ, ਜੋ ਉਹ ਦੂਜਿਆਂ ਤੱਕ ਪਹੁੰਚਾਉਣਾ ਚਾਹੁੰਦਾ ਹੈ। ਪਰ ਇਹ ਅਜੀਬ ਗੱਲ ਹੈ ਕਿ ਸੁਣਾਉਣ ਵਾਲਿਆਂ ਦੀ ਇਸ ਭੀੜ ਵਿੱਚ ਕੋਈ ਵੀ ਆਖ਼ਿਰਤ ਦੀ ਖ਼ਬਰ ਸੁਣਾਉਣ ਵਾਲਾ ਨਹੀਂ। ਕੋਈ ਜੰਨਤ ਅਤੇ ਦੋਜ਼ਖ਼ ਤੋਂ ਚੇਤਾਵਨੀ ਦੇਣ ਵਾਲਾ ਨਹੀਂ। ਹਰ ਕਿਸੇ ਕੋਲ ਦੁਨੀਆ ਦੀ ਕੋਈ ਨਾਂ ਕੋਈ ਖ਼ਬਰ ਹੈ, ਪਰ ਆਖ਼ਿਰਤ ਦੀ ਖ਼ਬਰ ਕਿਸੇ ਕੋਲ ਨਹੀਂ। ਜੇ ਕਿਸੇ ਕੋਲ ਆਖ਼ਿਰਤ ਦੀ ਖ਼ਬਰ ਹੁੰਦੀ, ਤਾਂ ਉਹ ਉਸਨੂੰ ਸੁਣਾਏ ਬਿਨਾਂ ਰਹਿ ਨਹੀਂ ਸਕਦਾ। ਆਖ਼ਿਰਤ ਦੀ ਅਸਾਧਾਰਣ ਅਹਿਮੀਅਤ ਦੇ ਕਾਰਨ ਉਸ ਦੀ ਹਾਲਤ ਇਹ ਹੋਣੀ ਸੀ ਕਿ ਉਸ ਲਈ ਹੋਰ ਕੋਈ ਖ਼ਬਰ, ਖ਼ਬਰ ਹੀ ਨਾ ਰਹਿੰਦੀ। ਉਹ ਆਪਣੀ ਸਾਰੀ ਤਾਕਤ ਅਤੇ ਸਾਰਾ ਸਮਾਂ ਸਿਰਫ਼ ਆਖ਼ਿਰਤ ਦੀ ਖ਼ਬਰ ਸੁਣਾਉਣ ਵਿੱਚ ਲਾ ਦਿੰਦਾ। ਦੋਜ਼ਖ਼ ਤੋਂ ਬਚਾਉਣ ਅਤੇ ਜੰਨਤ ਦੀ ਖੁਸ਼ਖ਼ਬਰੀ ਦੇਣ ਤੋਂ ਬਿਨਾਂ ਉਸਨੂੰ ਹੋਰ ਕੋਈ ਕੰਮ, ਕੰਮ ਹੀ ਨਾ ਲੱਗਦਾ।

ਜੇ ਇਹ ਪਤਾ ਹੋਵੇ ਕਿ ਕੁਝ ਪਲਾਂ ਬਾਅਦ ਭੂਚਾਲ ਆਉਣ ਵਾਲਾ ਹੈ ਜਾਂ ਜਵਾਲਾਮੁਖੀ ਫਟਣ ਵਾਲਾ ਹੈ, ਤਾਂ ਹਰ ਆਦਮੀ ਸਿਰਫ਼ ਉਸੀ ਦੀ ਗੱਲ ਕਰਦਾ ਨਜ਼ਰ ਆਵੇਗਾ। ਹਰ ਗੱਲ ਭੁੱਲ ਕੇ ਲੋਕ ਆਉਣ ਵਾਲੇ ਭਿਆਨਕ ਪਲਾਂ ਦੀ ਚਰਚਾ ਕਰਦੇ ਦਿਖਾਈ ਦੇਣਗੇ। ਪਰ ਅੱਜ ਭਾਸ਼ਣ ਦੇਣ ਵਾਲੇ ਭਾਸ਼ਣ ਦੇ ਰਹੇ ਹਨ ਅਤੇ ਲਿਖਣ ਵਾਲੇ ਆਰਟੀਕਲ ਲਿਖ ਰਹੇ ਹਨ, ਪਰ ਇਹ ਸਭ ਕੁਝ ਕਿਆਮਤ ਦੀ ਚਰਚਾ ਤੋਂ ਇਸ ਤਰ੍ਹਾਂ ਖਾਲੀ ਹੈ, ਜਿਵੇਂ ਲੋਕਾਂ ਨੂੰ ਆਉਣ ਵਾਲੇ ਭਿਆਨਕ ਦਿਨ ਦੀ ਕੋਈ ਖ਼ਬਰ ਹੀ ਨਾ ਹੋਵੇ।


# ਆਖਰੀ ਸਫ਼ਰ


ਇਨਸਾਨ ਅਕਸਰ ਆਪਣੇ ਆਲੇ-ਦੁਆਲੇ ਦੇ ਮਸਲਿਆਂ ਵਿੱਚ ਉਲਝਿਆ ਰਹਿੰਦਾ ਹੈ। ਵਿਅਕਤੀਗਤ ਜਾਂ ਕੌਮੀ ਪੱਧਰ ਦੀਆਂ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਘਟਨਾਵਾਂ, ਜਿਨ੍ਹਾਂ ਨੂੰ ਉਹ ਖ਼ੁਦ ਮਹਿਸੂਸ ਕਰਦਾ ਹੈ, ਉਹਨਾਂ ਨੂੰ ਹੀ ਅਸਲ ਘਟਨਾਵਾਂ ਸਮਝਦਾ ਹੈ ਅਤੇ ਉਨ੍ਹਾਂ ਦੀ ਹੀ ਚਰਚਾ ਵਿੱਚ ਲੱਗਾ ਰਹਿੰਦਾ ਹੈ। ਪਰ ਸਭ ਤੋਂ ਵੱਡਾ ਮਸਲਾ ਕਿਆਮਤ ਦਾ ਮਸਲਾ ਹੈ। ਕਿਆਮਤ ਸਾਡੀਆਂ ਨਿਗਾਹਾਂ ਤੋਂ ਓਝਲ ਹੈ, ਪਰ ਉਹ ਅਟੱਲ ਹੈ। ਉਹ ਸਾਰੀਆਂ ਘਟਨਾਵਾਂ ਤੋਂ ਵੱਡੀ ਮਹਾਂ-ਘਟਨਾ ਹੈ ਅਤੇ ਹਰ ਹਾਲਤ ਵਿੱਚ ਚਰਚਾ ਯੋਗ ਵੀ ਹੈ ਅਤੇ ਚਰਚਾ ਲਈ ਲਾਜ਼ਮੀ ਵੀ।





ਮੌਲਾਨਾ ਵਹੀਦੁਦੀਨ ਖ਼ਾਨ (1925–2021) ਇਕ ਇਸਲਾਮੀ ਵਿਦਵਾਨ, ਆਧਿਆਤਮਿਕ ਆਗੂ ਅਤੇ ਅਮਨ ਪਸੰਦ ਸਨ। ਵਿਸ਼ਵ ਸ਼ਾਂਤੀ ਹਿੱਤ ਕੀਤੇ ਬੇਅੰਤ ਕਾਰਜਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧੀ ਮਿਲੀ। ਮੌਲਾਨਾ ਜੀ ਨੇ 200 ਤੋਂ ਵੱਧ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ ਇਸਲਾਮ ਦੀ ਆਤਮਕ ਸਿਆਣਪ, ਪੈਗ਼ੰਬਰ ਮੁਹੰਮਦ ਦੇ ਅਹਿੰਸਕ ਰੁਖ, ਆਧੁਨਿਕਤਾ ਨਾਲ ਇਸਲਾਮ ਦੇ ਸੰਬੰਧ ਅਤੇ ਹੋਰ ਸਮਕਾਲੀ ਵਿਸ਼ਿਆਂ ’ਤੇ ਵਿਚਾਰ ਪ੍ਰਗਟ ਕੀਤੇ ਗਏ ਹਨ। ਉਨ੍ਹਾਂ ਵੱਲੋਂ ਕੀਤਾ ਕੁਰਾਨ ਦਾ ਅੰਗਰੇਜ਼ੀ ਅਨੁਵਾਦ ਆਪਣੀ ਸਧਾਰਣਤਾ, ਸਪਸ਼ਟਤਾ ਅਤੇ ਆਸਾਨ ਸਮਝ ਲਈ ਵਿਸ਼ੇਸ਼ ਤੌਰ ’ਤੇ ਸਰਾਹਿਆ ਗਿਆ ਹੈ। ਉਨ੍ਹਾਂ ਨੇ 2001 ਵਿੱਚ ਸੈਂਟਰ ਫ਼ੋਰ ਪੀਸ ਐਂਡ ਸਪਿਰਿਚੁਐਲਿਟੀ ਇੰਟਰਨੈਸ਼ਨਲ ਦੀ ਸਥਾਪਨਾ ਕੀਤੀ ਸੀ ਤਾਂ ਜੋ ਅਮਨ-ਸ਼ਾਂਤੀ ਦੇ ਸਭਿਆਚਾਰ ਨੂੰ ਪ੍ਰਸਿੱਧ ਕੀਤਾ ਜਾ ਸਕੇ ਅਤੇ ਇਸਲਾਮ ਦਾ ਆਧਿਆਤਮਿਕ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਜਾ ਸਕੇ।


www.quran.me www.goodwordquran.com
www.mwkhan.com www.cpsglobal.org





**www.goodwordbooks.com** **www.cpsglobal.org**

# ਆਖ਼ਰੀ
# ਸਫ਼ਰ

ਮੌਤ ਸਾਡੀ ਜ਼ਿੰਦਗੀ ਦਾ ਅੰਤ ਨਹੀਂ, ਬਲਕਿ ਇੱਕ ਨਵੀਂ ਮੰਜ਼ਿਲ ਦੀ ਸ਼ੁਰੂਆਤ ਹੈ। ਇਹ ਨਵੀਂ ਮੰਜ਼ਿਲ ਕਿਸੇ ਲਈ ਸਾਰੀਆਂ ਮੁਸੀਬਤਾਂ ਨਾਲੋਂ ਵੱਡੀ ਮੁਸੀਬਤ ਦੀ ਹਨੇਰੀ ਤੇ ਗਹਿਰੀ ਸੁਰੰਗ ਹੋਵੇਗੀ ਅਤੇ ਕਿਸੇ ਲਈ ਸਾਰੀਆਂ ਰਾਹਤਾਂ ਨਾਲੋਂ ਵੱਡੀ ਰਾਹਤ ਦਾ ਦਰਵਾਜ਼ਾ।

ISBN 978-93-49952-07-2
9 789349 952072

Goodword Books
CPS International